# ਸੰਵਾਦ


ISSN : 2395-1273

www.sanvad.org

ਵਿਸ਼ੇਸ਼ ਅੰਕ

## ਵਿਰਤਾਂਤ ਦੀ ਜੰਗ

20 ਵਾਂ ਅੰਕ
ਜੁਲਾਈ-ਦਸੰਬਰ 2024



ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ
ਜੁਲਾਈ-ਦਸੰਬਰ 2024
ਅੰਕ-20ਵਾਂ

# ਸੰਵਾਦ

ISSN : 2395-1273


ਪੰਜਾਬੀ ਰੈਫ਼ਰੀਡ ਰਿਸਰਚ ਜਰਨਲ
**A Peer Reviewed Punjabi Research Journal**
ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ

**ਵਿਸ਼ੇਸ਼ ਅੰਕ**
**ਬਿਰਤਾਂਤਾਂ ਦੀ ਜੰਗ**

**ਸਰਪ੍ਰਸਤ**
ਡਾ. ਮਹਿਲ ਸਿੰਘ
ਪ੍ਰਿੰਸੀਪਲ, ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**
ਡਾ. ਮਹਿਲ ਸਿੰਘ

**ਸੰਪਾਦਕ**
ਡਾ. ਆਤਮ ਸਿੰਘ ਰੰਧਾਵਾ



ESTD. 1892
ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ
**ਖ਼ਾਲਸਾ ਕਾਲਜ ਅੰਮ੍ਰਿਤਸਰ**-143002

// Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron & Chief Editor:**
***Dr. Mehal Singh***
**+91 85288-28200**

**Editor:**
***Dr. Atam Singh Randhawa***
**+91 98722-17273**

**ISSN : 2395-1273** | **July-December 2024**

**ਸਲਾਹਕਾਰ ਬੋਰਡ**

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**
ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
**ਪ੍ਰੋ. (ਡਾ.) ਸੁਰਜੀਤ ਸਿੰਘ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**
ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
**ਪ੍ਰੋ. (ਡਾ.) ਰਵੀ ਰਵਿੰਦਰ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**
ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ
**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**
ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ
ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ

**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**

**ਚੰਦਾ ਭੇਜਣ ਤੇ ਮਿਲਣ ਦਾ ਪਤਾ**
**ਪ੍ਰਿੰਸੀਪਲ**
**ਖ਼ਾਲਸਾ ਕਾਲਜ, ਅੰਮ੍ਰਿਤਸਰ**
khalsacollegeamritsar@yahoo.com
www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1500 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**
Punjab National Bank Kot Khalsa, Amritsar

**© Principal, Khalsa College Amritsar**

**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ

**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 10ਵਾਂ, ਅੰਕ - 20ਵਾਂ ||| ਜੁਲਾਈ-ਦਸੰਬਰ 2024**

## ਤਤਕਰਾ


- **ਸੰਪਾਦਕੀ** 5-7
- **ਬਿਰਤਾਂਤਾਂ ਦੀ ਜੰਗ ਤੋਂ ਨਵੀਨਤਾ ਲਈ ਸੰਘਰਸ਼ ਤਕ : ਨਵੇਂ ਯੁੱਗ ਦੀ ਆਮਦ** 9-17
  ਅਮਰਜੀਤ ਸਿੰਘ ਗਰੇਵਾਲ
- **ਸ਼ਬਦੀ-ਬਿਰਤਾਂਤ : ਨੀਤੀਆਂ ਤੇ ਰਮਜ਼ਾਂ** 18-23
  ਡਾ. ਮਹਿਲ ਸਿੰਘ
- **ਮੀਡੀਆ ਤੇ ਰਾਜਨੀਤਕ ਬਿਰਤਾਂਤ** 24-31
  ਡਾ. ਜਗਰੂਪ ਸਿੰਘ ਸੇਖੋਂ
- **ਪੰਜਾਬ ਨਵੀਂ ਕਹਾਣੀ ਦੀ ਤਲਾਸ਼ ਵਿਚ** 32-34
  ਡਾ. ਰਾਜਿੰਦਰ ਪਾਲ ਸਿੰਘ ਬਰਾੜ
- **ਪੰਜਾਬ ਦੇ ਸਰੋਕਾਰ ਤੇ ਸਮੱਸਿਆਵਾਂ : ਚੁਣੌਤੀਆਂ ਤੇ ਸਮਾਧਾਨ** 35-44
  ਡਾ. ਮਨਮੋਹਨ
- **ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ** 45-55
  ਡਾ. ਪਰਮਜੀਤ ਸਿੰਘ ਢੀਂਗਰਾ
- **ਬਿਰਤਾਂਤਾਂ ਦੀ ਜੰਗ ਤੇ ਪੰਜਾਬ ਦੇ ਬਿਰਤਾਂਤ : ਅਤੀਤ ਤੇ ਵਰਤਮਾਨ** 56-67
  ਡਾ. ਆਤਮ ਸਿੰਘ ਰੰਧਾਵਾ
- **ਇਜ਼ਰਾਇਲ-ਫਲਸਤੀਨ ਮਸਲਾ ਅਤੇ ਐਡਵਰਡ ਸਈਦ** 68-83
  ਡਾ. ਯਾਦਵਿੰਦਰ ਸਿੰਘ
- **ਬਿਰਤਾਂਤਾਂ ਦੇ ਮੁਕਾਬਲੇ ਦੇ ਦੌਰ ਵਿਚ ਪੰਜਾਬ ਬਿਰਤਾਂਤ** 84-90
  ਭਾਈ ਹਰਿਸਿਮਰਨ ਸਿੰਘ
- **ਬਿਰਤਾਂਤਾਂ ਦੀ ਜੰਗ ਦੇ ਸੰਦਰਭ ਵਿਚ ਮਿਥ-ਬਿਰਤਾਂਤ : ਪਨਰ-ਸਿਰਜਣਾ ਅਤੇ ਪ੍ਰਯੋਗ** 91-98
  ਡਾ. ਹਰਿੰਦਰ ਕੌਰ ਸੋਹਲ
- **ਪੇਂਡੂ ਪੰਜਾਬ ਤੋਂ ਅੰਤਰਰਾਸ਼ਟਰੀ ਪਰਵਾਸ ਦਾ ਖੇਤਰ-ਵਾਰ ਵਿਸ਼ਲੇਸ਼ਣ** 99-123
  ਗਿਆਨ ਸਿੰਘ, ਧਰਮਪਾਲ, ਗੁਰਿੰਦਰ ਕੌਰ, ਜੋਤੀ, ਸੁਖਵੀਰ ਕੌਰ, ਰੁਪਿੰਦਰ ਕੌਰ

❒ **ਬਿਰਤਾਂਤ ਸਿਰਜਣ ਦੀ ਜੰਗ**
(**ਸੱਤਾ, ਲੋਕ ਮਨ ਅਤੇ ਪੰਜਾਬ ਦੀ ਅਕਾਦਮਿਕਤਾ ਦੇ ਬਿਰਤਾਂਤ ਦੀ ਜੰਗ ਦੇ ਹਵਾਲੇ ਨਾਲ**) 124-129
ਡਾ. ਗੁਰਦੀਪ ਸਿੰਘ

❒ **ਦਲਿਤ ਬਿਰਤਾਂਤ ਅਤੇ ਰਣਜੀਤ ਗੁਹਾ ਦਾ ਸਬਾਲਟਰਨ ਪਰਿਪੇਖ** 130-137
ਬਲਜਿੰਦਰ ਸਿੰਘ

❒ **ਅੱਲਾਂ ਰਾਹੀਂ ਪਿੰਡਾਂ ਵਿਚ ਬਿਰਤਾਂਤ ਸਿਰਜਣਾ** 138-145
ਡਾ. ਦਯਾ ਸਿੰਘ

❒ **ਭਾਸ਼ਾ-ਪਰਿਵਾਰਾਂ ਦੀ ਨਿਰਮਾਣ ਪ੍ਰਕਿਰਿਆ ਸਬੰਧੀ ਪ੍ਰਚਲਿਤ ਮਤ ਦਾ ਵਿਸ਼ਲੇਸ਼ਣ** 146-165
ਵਰਿੰਦਰ ਖੁਰਾਣਾ

**ਪੁਸਤਕ ਰੀਵਿਊ :** 166-172

- **ਹੋਇਆ ਦੇਸ ਪਰਾਇਆ (ਨਾਵਲ)** : ਅਵਤਾਰ ਸਿੰਘ ਬਿਲਿੰਗ
- **ਮੁਹਾਜ਼ (ਨਾਵਲ)** : ਨਛੱਤਰ
- **1919 ਦਾ ਦੁਖਾਂਤ ਸਿੱਖਾਂ ਦਾ ਅਨੁਭਵ, ਦ੍ਰਿਸ਼ਟੀਕੋਣ ਅਤੇ ਪ੍ਰਤੀਕਰਮ (ਇਤਿਹਾਸ)** : ਜੋਗਿੰਦਰ ਸਿੰਘ
- **ਮਿੱਟੀ ਬੋਲ ਪਈ ਦਾ ਸਮਾਜਿਕ ਤੇ ਸਾਹਿਤਕ ਵਿਸ਼ਲੇਸ਼ਣ (ਆਲੋਚਨਾ)** : ਡਾ. ਮਹਿਲ ਸਿੰਘ

◈


ISSN : 2395-1273

# ਪਰੌਮਿਸਡ ਲੈਂਡ : ਬੈਟਲ ਆਫ ਨੈਰੇਟਿਵ

## (ਫਿਲਸਤੀਨੀ ਇਤਿਹਾਸ ਤੇ ਕਵਿਤਾ ਦੇ ਪ੍ਰਸੰਗ 'ਚ)




**ਡਾ. ਪਰਮਜੀਤ ਸਿੰਘ ਢੀਂਗਰਾ**

ਸਾਬਕਾ ਪ੍ਰੋਫ਼ੈਸਰ, ਰੀਜਨਲ ਸੈਂਟਰ ਮੁਕਤਸਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
✆ 94173-58120


ਵਿਚਾਰਾਂ ਦੇ ਯੁੱਧ ਦਾ ਸੰਕਲਪ ਕੋਈ ਨਵਾਂ ਨਹੀਂ। ਸਦੀਆਂ ਤੋਂ ਅਸਲ ਯੁੱਧਾਂ ਤੋਂ ਪਹਿਲਾਂ ਵਿਚਾਰਾਂ ਦੇ ਯੁੱਧ ਹੁੰਦੇ ਰਹੇ ਹਨ। ਜੇ ਇਹਦੀ ਭਖਵੀਂ ਮਿਸਾਲ ਦੇਖਣੀ ਹੋਵੇ ਤਾਂ ਮਹਾਂਭਾਰਤ ਦੀ ਕਥਾ ਵਿਚੋਂ ਦੇਖੀ ਜਾ ਸਕਦੀ ਹੈ। ਹੁਣ ਤਕ ਮਹਾਂਭਾਰਤ ਦੇ ਯੁੱਧ ਲਈ ਕੌਰਵਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਹੈ, ਪਰ ਕੀ ਇਹ ਸੱਚ ਹੈ? ਜੇ ਮਹਾਂਭਾਰਤ ਦਾ ਗਹਿਨ ਅਧਿਐਨ ਕਰੀਏ ਤਾਂ ਸਥਿਤੀ ਸਪਸ਼ਟ ਹੋ ਜਾਂਦੀ ਹੈ ਕਿ ਵਿਚਾਰਕ ਯੁੱਧ ਤਾਂ ਅਸਲ ਯੁੱਧ ਤੋਂ ਪਹਿਲਾਂ ਪਾਂਡਵ ਜਿੱਤ ਚੁੱਕੇ ਸਨ। ਚੌਸਰ ਦੀ ਖੇਡ ਵਿਚ ਪਾਂਡਵਾਂ ਨੇ ਨੈਰੇਟਿਵ ਯੁੱਧ ਜਿੱਤਣ ਲਈ ਸਭ ਕੁਝ ਇਸੇ ਕਰਕੇ ਦਾਅ 'ਤੇ ਲਾਇਆ ਸੀ। ਸਭ ਤੋਂ ਪਹਿਲਾਂ ਯੁਧਿਸ਼ਟਰ ਨੇ ਆਪਣੀ ਅਨਮੋਲ ਤੇ ਕੀਮਤੀ ਮਾਲ਼ਾ ਦਾਅ 'ਤੇ ਲਾਈ ਤੇ ਹਾਰ ਗਿਆ। ਫਿਰ ਲਗਾਤਾਰ ਆਪਣੀਆਂ ਕੀਮਤੀ ਵਸਤਾਂ, ਸਾਰੀ ਧਨ ਦੌਲਤ, ਰੱਥ, ਸੋਨੇ ਦੇ ਹੌਦਿਆਂ? ਵਾਲੇ ਹਾਥੀ, ਇਕ ਲੱਖ ਦਾਸੀਆਂ, ਪਰਜਾ ਤੇ ਪਰਜਾ ਦਾ ਸਾਰਾ ਧਨ ਦੌਲਤ ਦਾਅ 'ਤੇ ਲਾ ਦਿਤਾ, ਪਰ ਅੰਤ ਸਭ ਕੁਝ ਹਾਰ ਗਿਆ। ਜਿੱਤਣ ਦੀ ਲਾਲਸਾ ਅਜੇ ਵੀ ਬਰਕਰਾਰ ਸੀ। ਫਿਰ ਉਹਨੇ ਆਪਣੇ ਭਰਾਵਾਂ ਨਕੁਲ, ਭੀਮ ਤੇ ਸਹਿਦੇਵ ਨੂੰ ਵੀ ਦਾਅ 'ਤੇ ਲਾ ਦਿੱਤਾ, ਉਹ ਵੀ ਹਾਰ ਗਿਆ। ਹੁਣ ਆਪਣੇ ਆਪ ਨੂੰ ਦਾਅ 'ਤੇ ਲਾਇਆ ਤੇ ਉਹ ਵੀ ਹਾਰ ਗਿਆ। ਅਖ਼ੀਰ ਬਚੀ ਦਰੋਪਦੀ ਨੂੰ ਦਾਅ 'ਤੇ ਲਾ ਦਿੱਤਾ।

ਹੁਣ ਜਦੋਂ ਕੌਰਵਾਂ ਨੇ ਦਰੋਪਦੀ ਦਾ ਚੀਰਹਰਨ ਕੀਤਾ ਤਾਂ ਸਦੀਆਂ ਤੋਂ ਸਾਰਾ ਦੋਸ਼ ਕੌਰਵਾਂ ਸਿਰ ਮੜ੍ਹ ਦਿਤਾ ਗਿਆ। ਪਰ ਏਥੇ ਸਵਾਲ ਇਹ ਹੈ ਕਿ ਕੀ ਪਾਂਡਵਾਂ ਨੇ ਦਰੋਪਦੀ ਨੂੰ ਦਾਅ 'ਤੇ ਲਾ ਕੇ ਕਿਹੜੀ ਨੈਤਿਕਤਾ ਦਾ ਸਬੂਤ ਦਿੱਤਾ? ਗ਼ਲਤ ਕੌਰਵ ਵੀ ਸਨ ਪਰ ਪਾਂਡਵਾਂ ਦੀਆਂ ਗ਼ਲਤੀਆਂ ਨੂੰ ਚੀਰਹਰਨ ਦੇ ਨੈਰੇਟਿਵ ਹੇਠ ਫੇਡ ਆਊਟ ਕਰ ਦਿੱਤਾ ਗਿਆ ਤੇ ਯੁੱਧ ਲਈ ਕੌਰਵਾਂ ਨੂੰ ਦੋਸ਼ੀ ਠਹਿਰਾ ਕੇ ਵੱਖਰੀ ਤਰ੍ਹਾਂ ਦਾ ਨੈਰੇਟਿਵ ਸਿਰਜ ਦਿੱਤਾ।

ਅੱਜਕੱਲ੍ਹ ਸੋਸ਼ਲ ਮੀਡੀਏ ਦਾ ਦੌਰ ਹੈ। ਚੋਣਾਂ ਵਿਚ ਵਰਤੋਂਕਾਰਾਂ ਦਾ ਡਾਟਾ ਲੈ ਕੇ ਸਮੂਹਿਕ ਅਚੇਤਨ ਨੂੰ ਕਿਸੇ ਇਕ ਵਿਅਕਤੀ ਦੇ ਹੱਕ ਵਿਚ ਰਾਏ ਬਣਾਉਣ ਲਈ ਵਰਤ ਕੇ ਫੇਕ ਨੈਰੇਟਿਵ ਸਿਰਜਿਆ ਜਾ ਸਕਦਾ ਹੈ। ਸੋਸ਼ਲ ਮੀਡੀਏ ਨਾਲ ਜੁੜੀਆਂ ਕੰਪਨੀਆਂ ਦੁਨੀਆ ਦੀ ਵੱਡੀ ਤਾਕਤ ਦੀ ਹੈਸੀਅਤ ਰੱਖਦੀਆਂ ਹਨ। ਮੈਟਾ ਵਰਗੀਆਂ ਕੰਪਨੀਆਂ ਫੇਸਬੁੱਕ, ਵਟਸਐਪ, ਟਵਿੱਟਰ, ਇੰਸਟਾਗ੍ਰਾਮ ਵਰਗੇ ਪਲੇਟਫਾਰਮ ਚਲਾਉਂਦੀਆਂ ਹਨ। ਦੁਨੀਆ ਦੀ 66% ਆਬਾਦੀ ਉਨ੍ਹਾਂ ਦੇ ਪਲੇਟਫਾਰਮਾਂ ਦੀ ਵਰਤੋਂ ਕਰਦੀ ਹੈ। ਕੁੱਲ 530 ਕਰੋੜ ਲੋਕ ਇੰਟਰਨੈੱਟ ਦੀ ਵਰਤੋਂ ਕਰਦੇ ਹਨ, ਜਿਨ੍ਹਾਂ ਵਿਚੋਂ 70 ਕਰੋੜ ਭਾਰਤ ਵਿਚ ਹਨ। ਫੇਸਬੁੱਕ ਵਰਤਣ ਵਾਲੇ 291 ਕਰੋੜ, ਇੰਸਟਾਗ੍ਰਾਮ ਵਰਤਣ ਵਾਲੇ 147 ਕਰੋੜ ਤੇ ਵਟਸਐਪ ਵਰਤਣ ਵਾਲੇ 200 ਕਰੋੜ ਹਨ। ਇਨ੍ਹਾਂ ਦੀ ਮੁੱਠੀ ਵਿਚ 300 ਕਰੋੜ ਲੋਕ ਹਨ। ਜੇ ਇਹ ਦੇਸ਼ ਬਣ ਜਾਵੇ ਤਾਂ ਦੁਨੀਆ ਦਾ ਸਭ ਤੋਂ ਵੱਡਾ ਤੇ ਤਾਕਤਵਰ ਦੇਸ਼ ਹੋਵੇਗਾ। ਇਹ ਆਪਣੇ ਵਰਤੋਂਕਾਰਾਂ ਦੀ ਰਾਏ ਬਣਾਉਣ ਲਈ ਕਿਸੇ ਦੇ ਖ਼ਿਲਾਫ਼ ਕੋਈ ਵਿਚਾਰ ਆਪਣੇ ਪਲੇਟਫਾਰਮਾਂ 'ਤੇ ਵਾਇਰਲ ਕਰਕੇ ਵਿਚਾਰਕ ਯੁੱਧ ਵਿਚ ਕਿਸੇ ਵੀ ਮੁਲਕ ਨੂੰ ਤਹਿਸ-ਨਹਿਸ ਕਰ ਸਕਦਾ ਹੈ।

ਵਿਚਾਰਾਂ ਦੇ ਇਸ ਯੁੱਧ ਵਿਚ ਫੇਕ ਨਿਊਜ਼ ਤੇ ਫੇਕ ਨੈਰੇਟਿਵ ਦਾ ਬੋਲਬਾਲਾ ਹੈ, ਜਿਸਨੂੰ ਠੱਲਣਾ ਕਾਫੀ ਔਖਾ ਹੈ। ਏਸੇ ਕਰਕੇ ਦੁਨੀਆ ਵਿਚ ਨਵੀਆਂ ਕਤਾਰਬੰਦੀਆਂ ਹੋ ਰਹੀਆਂ ਹਨ। ਬਣਾਉਟੀ ਬੁੱਧੀ ਰਾਹੀਂ ਨਵੇਂ-ਨਵੇਂ ਨੈਰੇਟਿਵ ਸਿਰਜੇ ਜਾ ਰਹੇ ਹਨ। ਯੁੱਧਾਂ ਤੋਂ ਪਹਿਲਾਂ ਵਿਚਾਰਕ ਜੰਗ ਦੀ ਭੂਮੀ ਤਿਆਰ ਕੀਤੀ ਜਾਂਦੀ ਹੈ ਤਾਂ ਜੋ ਆਪਣੇ ਆਪ ਨੂੰ ਦੋਸ਼-ਮੁਕਤ ਸਾਬਤ ਕੀਤਾ ਜਾ ਸਕੇ।

ਦੁਨੀਆ ਦੇ ਇਤਿਹਾਸ ਵਿਚ ਸਦੀਆਂ ਪਹਿਲਾਂ ਹੋਏ ਕਬੀਲਾ ਮੁਖੀਆਂ ਨੇ ਜੋ ਚਿਤਵਿਆ ਤੇ ਵਿਹਾਰ ਕੀਤਾ ਉਸਨੇ ਵੱਖ ਵੱਖ ਨਸਲਾਂ, ਕੌਮਾਂ ਵਿਚ ਅਜਿਹੇ ਵਿਤਕਰੇ ਤੇ ਵਿੱਥਾਂ ਪਾਈਆਂ ਜੋ ਅੱਜ ਤਕ ਜਿਓਂ ਦੀਆਂ ਤਿਓਂ ਕਾਇਮ ਹਨ। ਸਦੀਆਂ ਪਹਿਲਾਂ ਮਨੁੱਖ ਕਲਪਨਾ ਤੇ ਮਿੱਥਾਂ ਵਿਚ ਜਿਊਂਦਾ, ਉਨ੍ਹਾਂ ਨੂੰ ਈਸ਼ਵਰੀ ਬਿਰਤਾਂਤਾਂ ਵਿਚ ਢਾਲ ਕੇ ਆਪਣੀ ਹੈੱਜਮਨੀ ਕਾਇਮ ਕਰਨ ਲਈ ਤੱਤਪਰ ਰਹਿੰਦਾ ਸੀ। ਧਰਤੀ ਦੇ ਹਰ ਖੰਡ ਦੇ ਨਿਵਾਸੀ ਆਪਣੇ ਆਪਣੇ ਖੰਡ 'ਤੇ ਈਸ਼ਵਰੀ ਹੱਕ ਤਸਲੀਮ ਕਰਕੇ ਬਾਕੀ ਨਸਲਾਂ ਜਾਂ ਕੌਮਾਂ ਨੂੰ ਅਧੀਨ ਕਰਨ ਜਾਂ ਖਦੇੜਨ ਵਿਚ

ਯਕੀਨ ਰੱਖਦੇ ਸਨ। ਅੱਜ ਇਜ਼ਰਾਇਲੀ-ਫਿਲਸਤੀਨੀ ਝਗੜੇ ਵਿਚ ਮੁੱਖ ਤੌਰ 'ਤੇ 'ਪਰੌਮਿਸਡ ਲੈਂਡ' ਦਾ ਨੈਰੇਟਿਵ ਪਿਆ ਹੈ ਤੇ ਇਸ 'ਤੇ ਈਸ਼ਵਰੀ ਹੱਕ ਦੀ ਲੜਾਈ ਵਿਚ ਫਿਲਸਤੀਨੀਆਂ ਦਾ ਜਿਵੇਂ ਘਾਣ ਕੀਤਾ ਜਾ ਰਿਹਾ ਹੈ, ਉਸਨੇ ਉਸ ਹਿਟਲਰੀ ਬਿਰਤਾਂਤ ਨੂੰ ਮੁੜ ਨਵੇਂ ਰੂਪ ਵਿਚ ਯਹੂਦੀਆਂ ਰਾਹੀਂ ਜਿੰਦਾ ਕਰ ਦਿੱਤਾ ਹੈ। ਇਹ ਵੀ ਵਿਡੰਬਨਾ ਹੀ ਕਹੀ ਜਾ ਸਕਦੀ ਹੈ ਕਿ ਹਿਟਲਰੀ-ਯੁੱਗ ਵਿਚ ਯਹੂਦੀਆਂ ਦਾ ਜਿਵੇਂ ਨਸਲਘਾਤ ਹੋਇਆ ਸੀ, ਉਨ੍ਹਾਂ ਨੇ ਉਸ ਤੋਂ ਸਬਕ ਸਿੱਖਣ ਦੀ ਥਾਂ ਫਿਲਸਤੀਨੀਆਂ ਨਾਲ ਉਹੀ ਵਿਹਾਰ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸਨੇ ਦੁਨੀਆ ਵਿਚ 'ਬੈਟਲ ਆਫ਼ ਨੈਰੇਟਿਵ' ਨੂੰ ਨਵੇਂ ਰੂਪ ਵਿਚ ਪੇਸ਼ ਕੀਤਾ ਹੈ। ਇਸ ਨਾਲ ਦੁਨੀਆ ਵਿਚਲੀ ਧੜੇਬੰਦੀ ਵੀ ਸਪੱਸ਼ਟ ਰੂਪ ਵਿਚ ਸਾਹਮਣੇ ਆ ਗਈ ਹੈ ਜੋ ਇਕ ਪਾਸੇ ਇਜ਼ਰਾਇਲ ਦਾ ਪੱਖ ਪੂਰ ਰਹੀ ਹੈ, ਦੂਜੇ ਪਾਸੇ ਫਿਲਸਤੀਨੀਆਂ ਲਈ ਘਟੀਆ ਨੈਰੇਟਿਵ ਸਿਰਜ ਕੇ ਉਨ੍ਹਾਂ ਨੂੰ ਅੱਤਵਾਦੀਆਂ ਦੇ ਰੂਪ ਵਿਚ ਪੇਸ਼ ਕਰ ਰਹੀ ਹੈ। ਵਿਚਾਰਾਂ ਤੇ ਈਸ਼ਵਰੀ ਧਰਤੀ ਦੇ ਹੱਕ ਤੇ ਵਿਰੋਧ ਵਿਚ ਸਿਰਜੇ ਜਾ ਰਹੇ ਬਿਰਤਾਂਤਾਂ ਦੀ ਥਾਹ ਪਾਉਣ ਲਈ ਇਸ ਝਗੜੇ ਦੀਆਂ ਭੂਗੋਲਿਕ ਤੇ ਇਤਿਹਾਸਕ ਪਰਤਾਂ ਨੂੰ ਫਰੋਲਣਾ ਜ਼ਰੂਰੀ ਹੈ।

## ਇਤਿਹਾਸਕ ਪਿਛੋਕੜ

ਫਿਲਸਤੀਨ ਮੱਧ-ਪੂਰਬ ਦਾ ਇਕ ਛੋਟਾ ਜਿਹਾ ਖਿੱਤਾ ਹੈ। ਆਕਾਰ ਵਿਚ ਇਹ ਇੰਗਲੈਂਡ ਦੀ ਵੇਲਜ਼ ਸਟੇਟ ਜਿੱਡਾ ਹੈ। ਇਹਦੀ ਜ਼ਿਆਦਾਤਰ ਜ਼ਮੀਨ ਗ਼ੈਰ-ਉਪਜਾਊ ਤੇ ਬੰਜਰ ਹੈ, ਇਸ ਲਈ ਇਹ ਰਹਿਣ ਦੇ ਕਾਬਲ ਨਹੀਂ। ਜੰਨਤ ਦੀ ਮਿੱਥ ਵਿਚ ਜੋ ਸ਼ਹਿਦ ਤੇ ਦੁੱਧ ਦੀਆਂ ਨਦੀਆਂ ਤੇ ਹੂਰਾਂ-ਪਰੀਆਂ ਦੀ ਧਰਤੀ ਤਸੱਵਰ ਕੀਤੀ ਗਈ ਹੈ, ਉਹ ਇਹੀ ਹੈ। ਇਸਦੇ ਤਸੱਵਰ ਪਿੱਛੇ ਉਨ੍ਹਾਂ ਭੁੱਖ ਦੇ ਸਤਾਏ ਖਾਨਾ-ਬਦੋਸ਼ ਕਬੀਲਿਆਂ ਦੀ ਕਲਪਨਾ ਹੈ ਜੋ ਈਸਵੀ ਸੰਨ ਦੇ ਆਰੰਭ ਹੋਣ ਤੋਂ ਬਹੁਤ ਪਹਿਲਾਂ ਏਥੇ ਆਏ ਸਨ। ਇਸ ਖਿੱਤੇ ਵਿਚ ਸਮੁੰਦਰੀ ਕੰਢੇ ਦਾ ਇਕ ਮੈਦਾਨੀ ਇਲਾਕਾ ਵੀ ਹੈ, ਜਿਸਦੀ ਜ਼ਿਆਦਾਤਰ ਚੌੜਾਈ ਵੀਹ ਮੀਲ ਤੇ ਸਭ ਤੋਂ ਘੱਟ ਦੋ-ਚਾਰ ਸੌ ਮੀਟਰ ਹੈ। ਏਥੇ ਹਲਕੇ ਚੂਨੇ-ਪੱਥਰ ਦੀਆਂ ਗੋਲ-ਗੋਲ ਪਹਾੜੀਆਂ ਹਨ। ਇਨ੍ਹਾਂ ਪਹਾੜੀਆਂ ਦੀਆਂ ਪੱਛਮੀ ਢਲਾਣਾਂ 'ਤੇ ਬਾਰਿਸ਼ ਹੁੰਦੀ ਹੈ, ਜਦ ਕਿ ਉੱਤਰ-ਪੂਰਬੀ ਪਾਸੇ ਹੌਲੀ-ਹੌਲੀ ਸਮਤਲ ਹੁੰਦੇ ਜਾਂਦੇ ਹਨ ਤੇ ਅੱਗੇ ਖੁਸ਼ਕ ਰੇਗਿਸਤਾਨ ਹੈ। ਜ਼ਿਆਦਾਤਰ ਪਹਾੜੀਆਂ ਅੱਜ ਵੀ ਬੰਜਰ ਹਨ। ਉਨ੍ਹਾਂ ਦੇ ਪਥਰੀਲੇ ਵਜੂਦ ਹਰ ਪਾਸੇ ਦੇਖੇ ਜਾ ਸਕਦੇ ਹਨ।

ਏਥੋਂ ਦੀ ਭੂਗੋਲਕਿਤਾ ਸੀਮਤ ਹੋਣ ਦੇ ਬਾਵਜੂਦ ਵੱਖਰੀ ਤੇ ਵਿਸ਼ੇਸ਼ ਹੈ। ਗੈਲਿਲੀ ਦੀਆਂ ਪਹਾੜੀਆਂ ਦੀ ਜਬੀਲ ਜ਼ਮਾਰਕ ਚੋਟੀ ਸਮੁੰਦਰ-ਤਲ ਤੋਂ ਚਾਰ ਹਜ਼ਾਰ ਫੁੱਟ ਉੱਚੀ ਹੈ। ਦੱਖਣ ਵੱਲ ਇਹ ਖਿੱਤਾ ਲਗਪਗ 480 ਕਿਲੋਮੀਟਰ ਨੇਗੇਵ ਦੇ ਰੇਗਿਸਤਾਨ ਤੇ ਡੈੱਡ-ਸੀ ਤਕ ਫੈਲਿਆ ਹੋਇਆ ਹੈ, ਜੋ ਸਮੁੰਦਰੀ-ਤਲ ਤੋਂ 1300 ਫੁੱਟ ਨੀਵਾਂ ਹੈ। ਲੰਮੇ ਸਮੁੰਦਰੀ ਤੱਟੀ ਮੈਦਾਨਾਂ ਵਿਚ ਭੂ-ਮੱਧ ਸਾਗਰੀ ਪੌਣ-ਪਾਣੀ ਹੈ, ਪਰ ਯੇਰੂਸ਼ਲਮ ਵਿਚ ਕਦੇ-ਕਦੇ ਬਰਫ਼ ਵੀ ਪੈ ਜਾਂਦੀ ਹੈ। ਪੂਰਬ ਵੱਲ ਜਾਂਦਿਆਂ ਜ਼ਮੀਨ ਤੇਜੀ ਨਾਲ ਨੀਵੀਂ ਹੁੰਦੀ ਜਾਂਦੀ ਹੈ ਤੇ ਜੌਰਡਨ ਦੀ ਘਾਟੀ ਤਕ ਚਲੀ ਜਾਂਦੀ ਹੈ। ਏਥੋਂ ਦੀ ਗਰਮੀ ਤੇ ਨਮੀ ਕਰਕੇ ਇਹ ਇਲਾਕਾ ਉਪਜਾਊ ਹੈ। ਇਹਦੇ ਉਲਟ ਨੇਗੇਵ ਤੇ ਗਾਜ਼ਾ ਪੱਟੀ ਵਿਚ ਬਹੁਤ ਘੱਟ ਮੀਂਹ ਪੈਂਦਾ ਹੈ। ਪ੍ਰਾਚੀਨ ਕਾਲ ਵਿਚ ਇਸ ਖਿੱਤੇ ਵਿਚ ਬੜੇ ਉਪਜਾਊ ਇਲਾਕੇ ਤੇ ਭਰਪੂਰ ਜੰਗਲ ਸਨ। ਪਰ ਹੌਲੀ-ਹੌਲੀ ਜੰਗਲ ਸਾਫ਼ ਕਰ ਦਿੱਤੇ ਗਏ ਤੇ ਇਹ ਇਲਾਕਾ ਬੰਜਰ ਤੇ ਵੀਰਾਨ ਹੋ ਗਿਆ।

ਇਹ ਸੰਭਵ ਹੈ ਕਿ ਇਜ਼ਰਾਇਲ ਬਣਨ ਤੋਂ ਪਹਿਲਾਂ ਫਿਲਸਤੀਨ ਵਿਚ ਰਹਿਣ ਵਾਲੀ ਅਰਬੀ-ਭਾਸ਼ੀ ਆਬਾਦੀ ਦੇ ਆਦਿ-ਪੂਰਵਜ ਉੱਤਰ-ਪੱਥਰ ਯੁੱਗ ਦੇ ਬਚੇ-ਖੁਚੇ ਲੋਕ ਹੋਣ। ਉਹੀ ਯਹੂਦੀਆਂ ਦੇ ਆਦਿ-ਪੁਰਖ ਸਨ। ਦੋ ਹਜ਼ਾਰ ਸਾਲ ਪਹਿਲਾਂ ਲੜੇ ਗਏ ਕਿਸੇ ਯੁੱਧ ਦੇ ਚਿੰਨ੍ਹ ਮਿਲਦੇ ਹਨ, ਪਰ ਏਥੋਂ ਦੇ ਇਤਿਹਾਸ ਦਾ ਆਰੰਭ ਨਵ-ਪੱਥਰ ਯੁੱਗ ਤੋਂ ਹੀ ਮੰਨਿਆ ਜਾਂਦਾ ਹੈ। ਇਹੀ ਉਹ ਯੁੱਗ ਹੈ ਜਦੋਂ ਏਥੋਂ ਦੇ ਮੂਲ ਨਿਵਾਸੀ ਗੁਫਾਵਾਂ ਜਾਂ ਮਿੱਟੀ ਦੇ ਬਣੇ ਘਰਾਂ ਵਿਚ ਰਹਿੰਦੇ ਹੋਣਗੇ ਤੇ ਆਦਮ-ਖੇਤੀ ਤੇ ਚਾਰਗਾਹਾਂ 'ਤੇ ਨਿਰਭਰ ਹੋਣਗੇ। ਪਰ ਇਤਿਹਾਸਕ ਦਸਤਾਵੇਜ਼ ਸਿਰਫ਼ ਈ:ਪੂ: 2000 ਵਰ੍ਹੇ ਪਹਿਲਾਂ ਤਕ ਦੇ ਹੀ ਮਿਲਦੇ ਹਨ। ਉਸ ਸਮੇਂ ਬਾਹਰੀ ਕਬੀਲੇ ਧਾੜਵੀਆਂ ਦੇ ਰੂਪ ਵਿਚ ਹੀ ਆਏ ਹੋਣਗੇ। ਅਸਲ ਵਿਚ ਇਸ ਖਿੱਤੇ ਦੀ ਗਾਥਾ, ਜਿਸਨੂੰ ਕਨਾਨ ਤੇ ਇਸ ਦੇਸ਼ ਨੂੰ ਕਿਨਿਆਨ ਕਿਹਾ ਜਾਂਦਾ ਹੈ, ਮਨੁੱਖ ਜਾਤੀ ਦੇ ਸਿਰਫ਼ ਉਨ੍ਹਾਂ ਲੋਕਾਂ ਦੀ ਕਹਾਣੀ ਨਹੀਂ ਜੋ ਮਨੁੱਖੀ ਆਵਾਸ ਦੇ ਮੁੱਢ ਵਿਚ ਏਥੇ ਰਹਿੰਦੇ ਸਨ, ਸਗੋਂ ਇਹ ਪਰੌਮਿਸਡ ਲੈਂਡ ਦੀ ਉਸ ਧਾਰਨਾ ਦਾ ਨੈਰੇਟਿਵ ਹੈ ਜਿਸਨੇ ਸਦੀਆਂ ਤੋਂ ਅੱਜ ਤਕ ਕਸ਼ਮਕਸ਼ ਦੇ ਕਈ ਰੂਪ ਬਦਲੇ ਹਨ।

ਈ:ਪੂ: 2000 ਵਰ੍ਹੇ ਪਹਿਲਾਂ ਏਥੇ ਉੱਤਰ ਤੇ ਉੱਤਰ-ਪੱਛਮ ਵਲੋਂ ਵੱਡੀ ਗਿਣਤੀ ਵਿਚ ਲੋਕ ਆਏ। ਇਨ੍ਹਾਂ ਵਿਚ ਸਭ ਤੋਂ ਪਹਿਲਿਆਂ ਵਿਚ ਹਿੱਕਸਾਸ ਸਨ, ਜਿਨ੍ਹਾਂ ਦਾ ਖੁਰਾ-ਖ਼ੋਜ ਨਹੀਂ ਮਿਲਦਾ। ਇਹ ਅਸਲ ਵਿਚ ਨੀਲ


www.sanvad.org
ISSN : 2395-1273

ਦਰਿਆ ਦੀ ਘਾਟੀ ਵਿਚ ਵੜਨ ਵਿਚ ਕਾਮਯਾਬ ਹੋ ਗਏ ਸਨ ਤੇ ਘਾਟੀ ਦੇ ਹੇਠਲੇ ਇਲਾਕਿਆਂ ਵਿਚ ਕਈ ਸ਼ਤਾਬਦੀਆਂ ਤਕ ਰਹਿੰਦੇ ਰਹੇ। ਉਹ ਮਿਸਰ ਤੋਂ 1600-1500 ਈ: ਪੂ: ਵਿਚ ਖਦੇੜੇ ਗਏ ਤੇ ਇਤਿਹਾਸ ਵਿਚੋਂ ਗਾਇਬ ਹੋ ਗਏ। ਉੱਤਰ ਵਲੋਂ ਆਏ ਹਿੱਤੀਆਂ ਨੇ ਉਨ੍ਹਾਂ ਦੀ ਥਾਂ ਲੈ ਲਈ। ਲਗਪਗ ਏਸੇ ਸਮੇਂ ਵਿਚ ਅਬਰਾਹਾਮ ਦੇ ਵਾਰਿਸ ਦੇਸ਼ ਦੀਆਂ ਪੂਰਬੀ ਸਰਹੱਦਾਂ 'ਤੇ ਆ ਪ੍ਰਗਟ ਹੋਏ। ਉਨ੍ਹਾਂ ਦਾ ਅਸਲੀ ਟਿਕਾਣਾ ਏਸ਼ੀਆ ਮਾਈਨਰ ਵਿਚ ਸੀ। ਇਤਿਹਾਸਕ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਉਹ ਖਾਨਾਬਦੋਸ਼ ਨਹੀਂ ਸਨ। ਭੂ-ਮੱਧ ਸਾਗਰ ਦੇ ਪੂਰਬੀ ਤੱਟ 'ਤੇ ਉਹ ਵੱਸ ਗਏ। ਉਨ੍ਹਾਂ ਦੇ ਰੰਗ ਤੇ ਸਰੀਰਕ ਡੀਲ ਡੌਲ ਵਾਲੇ ਲੋਕ ਅੱਜ ਵੀ ਇਸ ਇਲਾਕੇ ਵਿਚ ਮਿਲ ਜਾਂਦੇ ਹਨ। ਹਿੱਤੀ (ਹਿਟਾਇਟ) ਵਡੇਰਿਆਂ  ਤੋਂ ਹੀ ਅੱਜ ਦੇ ਬਹੁਤੇ ਤੁਰਕਾਂ, ਯਹੂਦੀਆਂ ਤੇ ਸੀਰੀਅਨਾਂ ਨੇ ਆਪਣਾ ਮੋਟਾ ਨੱਕ, ਭਰੇ ਭਰੇ ਹੋਂਠ ਤੇ ਵਿਸ਼ਾਲ ਜਿਸਮ ਪਾਏ ਹਨ। ਸਰੀਰ ਦਾ ਇਹ ਸਰੂਪ ਸੇਮਾਈਟਾਂ ਤੋਂ ਵੱਖਰਾ ਹੈ ਕਿਉਂਕਿ ਉਨ੍ਹਾਂ ਦੇ ਨੈਣ-ਨਕਸ਼ ਤਿੱਖੇ ਹੁੰਦੇ ਨੇ ਤੇ ਸਰੀਰ ਏਨਾ ਸਥੂਲ ਨਹੀਂ ਹੁੰਦਾ।

ਉੱਤਰ ਵਲੋਂ ਹੋਰ ਵੀ ਕਈ ਲੋਕ ਆਏ। ਇਹ ਫਿਲਸਤੀਨੀ ਸਨ। ਉਹ ਥੋੜ੍ਹੀ ਦੇਰ ਨਾਲ ਆਏ ਤੇ ਉਨ੍ਹਾਂ ਦਾ ਇਸ ਖਿੱਤੇ 'ਤੇ ਕਬਜ਼ਾ ਕੁਝ ਦਹਾਕਿਆਂ ਤਕ ਹੀ ਰਿਹਾ। ਪਰ ਇਸ ਖਿੱਤੇ ਦਾ ਨਾਮਕਰਨ ਉਨ੍ਹਾਂ ਨੇ ਕੀਤਾ। ਇਹ ਫਿਲਸਤੀਨੀ ਇਜੀਅਨ ਜਾਤੀ ਦੇ ਸਨ ਜੋ ਈ: ਪੂ: 1300 ਵਿਚ ਯੂਨਾਨ ਤੇ ਈਜੀਅਨ ਟਾਪੂਆਂ ਵਿਚੋਂ ਖਦੇੜ ਦਿੱਤੇ ਗਏ ਸਨ। ਉਹ ਏਸ਼ੀਆ ਦੇ ਸਮੁੰਦਰੀ ਤੱਟ ਤੋਂ ਦੱਖਣ ਵੱਲ ਵਧੇ ਤੇ ਈ: ਪੂ: 1200 ਵਿਚ ਉਨ੍ਹਾਂ ਨੇ ਮਿਸਰ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਪਿੱਛੇ ਵੱਲ ਖਦੇੜੇ ਜਾਣ ਕਰਕੇ ਉਹ ਦੱਖਣੀ ਫਿਲਸਤੀਨ ਵਿਚ ਵੱਸ ਗਏ।

ਅਜਿਹਾ ਮੰਨਿਆ ਜਾਂਦਾ ਹੈ ਕਿ ਈ: ਪੂ: 21ਵੀਂ ਤੇ 19ਵੀਂ ਸ਼ਤਾਬਦੀ ਤੱਕ, ਅੱਜ ਤੋਂ ਕੋਈ ਚਾਰ ਹਜ਼ਾਰ ਵਰ੍ਹੇ ਪਹਿਲਾਂ ਅਬਰਾਹਾਮ, ਜੋ ਬਾਈਬਲ ਅਨੁਸਾਰ ਯਹੂਦੀਆਂ ਦੇ ਆਦਿ-ਪੁਰਖ ਸਨ, ਆਪਣੀ ਮਾਤ ਭੂਮੀ, ਜੋ ਅੱਜ ਕੱਲ੍ਹ ਕਾਲਡੀਆ ਜਾਂ ਅੱਜ ਦਾ ਇਰਾਕ ਹੈ, ਤੋਂ ਭਟਕਦੇ ਕਨਾਨ ਜਾਂ ਕਿਨਿਆਨ ਆ ਗਏ, ਜਿਸਨੂੰ ਜੈਨੇਸਿਸ ਦੇ ਬਾਰਵੇਂ ਅਧਿਆਏ ਵਿਚ 'ਪਰੌਮਿਸਡ ਲੈਂਡ' ਕਿਹਾ ਗਿਆ ਹੈ। ਈ: ਪੂ: ਤੇਰਵੀਂ ਸ਼ਤਾਬਦੀ ਵਿਚ ਮੋਜੇਜ਼ ਨੇ ਸਿਨਾਈ ਦੇ ਰੇਗਿਸਤਾਨ ਵਿਚ 'ਟੈਨ ਕਮਾਂਡਮੈਂਟਸ' (ਈਸ਼ਵਰ ਦੇ ਦਸ ਧਰਮ ਆਦੇਸ਼) ਦਾ ਐਲਾਨ ਕੀਤਾ। ਉਹਦੀ ਮੌਤ ਤੋਂ ਬਾਅਦ ਜੋਸ਼ੂਆ ਨੇ 'ਪਰੌਮਿਸਡ ਲੈਂਡ' ਜਿੱਤ ਲਿਆ। ਏਸੇ ਸਮੇਂ ਦਸ ਧਰਮ ਆਦੇਸ਼ ਤੇ ਹੋਰ ਕਾਨੂੰਨਾਂ ਅਨੁਸਾਰ ਜੂਡਾਵਾਦ ਜਾਂ ਯਹੂਦੀ ਧਰਮ ਦੀ ਨੀਂਹ ਰੱਖੀ ਗਈ। ਇਸ ਐਲਾਨ ਤੋਂ ਕੁਝ ਦਿਨ ਬਾਅਦ ਪੈਗੰਬਰ ਮੋਜੇਜ਼ ਦੀ ਰੇਗਿਸਤਾਨ ਵਿਚ ਮੌਤ ਹੋ ਗਈ। ਯਹੂਦੀਆਂ ਦਾ ਪਹਿਲਾ ਆਗਮਨ ਜੋਸ਼ੂਆ ਦੇ ਸਮੇਂ ਹੋਇਆ।

ਮਿਸਰ ਦੇ ਅਠਾਰਵੇਂ ਰਾਜੇ ਤੁਤਮੋਸ-3 ਨੇ 1479 ਈ: ਪੂ: ਵਿਚ ਇਸ ਦੇਸ਼ 'ਤੇ ਕਬਜ਼ਾ ਕਰ ਲਿਆ ਤੇ ਕਈ ਸ਼ਤਾਬਦੀਆਂ ਤਕ ਆਪਣੀ ਪਕੜ ਕਾਇਮ ਰੱਖੀ। ਇਤਿਹਾਸਕਾਰਾਂ ਅਨੁਸਾਰ ਇਜ਼ਰਾਇਲੀਆਂ ਜਾਂ ਯਹੂਦੀਆਂ ਦੀ ਏਥੇ ਵਸਣ ਦੀ ਪ੍ਰਕਿਰਿਆ 1150 ਈ: ਪੂ: ਤੋਂ 850 ਈ: ਪੂ: ਦਰਮਿਆਨ ਹੋਈ। ਸਰ ਲਿਓਨਾਰਡ ਵੂਲੇ, ਜਿਸਨੇ ਇਰਾਕ ਵਿਚ 'ਉਰ' ਨਾਂ ਦੇ ਇਤਿਹਾਸਕ ਸਥਾਨ ਦੀ ਖੋਜ ਕੀਤੀ, ਦਾ ਮੱਤ ਹੈ ਕਿ ਅਬਰਾਹਾਮ ਏਸੇ ਸ਼ਹਿਰ ਵਿਚੋਂ ਗਿਆ ਸੀ ਤੇ ਆਪਣੇ ਪਰਿਵਾਰਕ ਦੇਵਤੇ ਨੂੰ ਨਾਲ ਲੈ ਗਿਆ ਸੀ, ਜਿਸਦੀ ਆਸਥਾ ਨੇ ਅੱਗੇ ਜਾ ਕੇ ਇਕ ਈਸ਼ਵਰਵਾਦੀ ਜੂਡਾਵਾਦ, ਹਿਬਰੂ ਜਾਂ ਯਹੂਦੀ ਧਰਮ ਨੂੰ ਜਨਮ ਦਿਤਾ।

ਪਿੱਤਰੀ ਸੱਤਾ ਤੇ ਘੁਮੰਤਰੂ ਕਬੀਲਿਆਂ ਦਾ ਯੁੱਗ ਕਈ ਸ਼ਤਾਬਦੀਆਂ ਤਕ ਰਿਹਾ। ਜਿਹੜੇ ਪਹਿਲਾਂ ਆਏ ਉਹ ਜੌਰਡਨ ਦਰਿਆ ਦੇ ਪੱਛਮੀ ਕੰਢੇ 'ਤੇ ਵਸ ਗਏ ਜੋ ਦਮਿਸ਼ਕ ਤਕ ਫੈਲਿਆ ਹੋਇਆ ਸੀ। ਸੰਭਵ ਤੌਰ 'ਤੇ ਉਨ੍ਹਾਂ ਵਿਚੋਂ ਕੁਝ ਜੌਰਡਨ ਦੇ ਪੱਛਮੀ ਕੰਢੇ ਨੂੰ ਪਾਰ ਕਰਕੇ ਵੱਸ ਗਏ ਜਿਨ੍ਹਾਂ ਨੂੰ ਬਾਈਬਲ ਵਿਚ ਕੈਨੇਨਾਈਟ ਜਾਂ ਕੈਨਾਈ ਕਿਹਾ ਗਿਆ। ਮੋਸ਼ੇ ਮੇਨੂਹਿਮ ਨੇ ਆਪਣੀ ਕਿਤਾਬ 'ਦ ਡਿਕਾਡੇਂਸ ਆਫ ਜੂਡਾਇਜ਼ਮ ਇਨ ਆਵਰ ਟਾਇਮ' ਵਿਚ ਲਿਖਿਆ ਹੈ ਕਿ ਇਹ ਕੈਨੇਨਾਈਟ ਹੀ ਅੱਜ ਦੇ ਫਿਲਸਤੀਨ ਦੇ ਅਰਬਾਂ ਦੇ ਵੱਡ-ਵਡੇਰੇ ਸਨ। ਜੋ ਇਸ ਇਲਾਕੇ ਵਿਚ ਈਸਾ ਤੋਂ 2000 ਵਰ੍ਹੇ ਤੋਂ ਵੀ ਪਹਿਲਾਂ ਤੋਂ ਰਹਿ ਰਹੇ ਸਨ। ਉਹਦਾ ਮੱਤ ਹੈ ਕਿ ਇਹ ਪ੍ਰਾਚੀਨ ਕੈਨੇਨਾਈਟ ਪੂਰਬੀ ਸਮਾਈਟ, ਭਾਰਤੀ ਆਰੀਆ ਤੇ ਹਿਟਾਇਟ ਜੇਤੂਆਂ ਤੇ ਨਿਵਾਸੀਆਂ ਦੀ ਇਕ ਮਿਸ਼ਰਤ ਜਾਤੀ ਸੀ। ਉਨ੍ਹਾਂ ਨੇ ਸ਼ਹਿਰ ਵਸਾਏ, ਮਹੱਲ, ਮੰਦਰ ਤੇ ਪੂਜਾ ਸਥਾਨ ਉਸਾਰੇ, ਜਿਨ੍ਹਾਂ ਵਿਚ ਮੂਰਤੀਆਂ ਸਥਾਪਿਤ ਕੀਤੀਆਂ। ਉਹ ਘੋੜਿਆਂ ਤੇ ਰੱਥਾਂ ਦੀ ਵਰਤੋਂ ਕਰਦੇ ਸਨ ਤੇ ਪ੍ਰਕਿਰਤੀ ਦੇ ਉਪਾਸ਼ਕ ਸਨ। ਝੰਝਾਵਤਾਂ ਦਾ ਦੇਵਤਾ ਉਨ੍ਹਾਂ ਦੇ ਦੇਵਤਿਆਂ ਦਾ ਮੁਖੀ ਸੀ ਤੇ ਉਹਦੀ ਆਸਥਾ ਮੁਤਾਬਿਕ, ਉਹਨੇ ਹੀ ਮਨੁੱਖ ਜਾਤੀ ਦੀ ਰਚਨਾ ਕੀਤੀ ਸੀ।

ਏਥੇ ਵੱਸਣ ਵਾਲਿਆਂ ਤੇ ਖਾਨਾਬਦੋਸ਼ਾਂ ਨੇ ਆਪਣੇ ਆਪ ਨੂੰ ਕਦ ਤੋਂ ਅਰਬ ਕਹਿਣਾ ਸ਼ੁਰੂ ਕੀਤਾ ਇਹਦੇ ਬਾਰੇ ਪਤਾ ਨਹੀਂ ਲੱਗਦਾ। ਪਰ ਇਹ ਨਿਸਚਿਤ ਹੈ ਕਿ ਇਹ ਖਿੱਤਾ ਦੁਨੀਆ ਦੇ ਤਿੰਨ ਸਭ ਤੋਂ ਮਹੱਤਵਪੂਰਨ ਇਕ-ਈਸ਼ਵਰਵਾਦੀ ਧਰਮਾਂ ਦਾ ਜਨਮ ਸਥਾਨ ਹੈ ਤੇ ਇਹੀ ਉਹ ਜੜ੍ਹ ਹੈ, ਜਿਸ ਕਰਕੇ ਸਦੀਆਂ ਤੋਂ ਇਹਦੇ ਦੁਆਲੇ

ਵਿਭਿੰਨ ਨੈਰੇਟਿਵ ਸਿਰਜੇ ਜਾ ਰਹੇ ਹਨ। ਜ਼ਿਆਦਾਤਰ ਮਨੁੱਖਾਂ ਨੇ ਆਪਣੇ ਆਪਣੇ ਰੱਬ ਦੀ ਚੋਣ ਏਥੋਂ ਹੀ ਕੀਤੀ, ਆਪਣੇ ਵਿਚਾਰ ਤੇ ਸਿਧਾਂਤ ਏਥੋਂ ਗ੍ਰਹਿਣ ਕੀਤੇ ਤੇ ਏਥੋਂ ਜੋ ਕੁਝ ਹਾਸਲ ਕੀਤਾ ਉਹੀ ਜ਼ਿੰਦਗੀ ਨੂੰ, ਰੀਤੀ ਰਿਵਾਜਾਂ ਨੂੰ ਤੇ ਏਥੋਂ ਤਕ ਕਿ ਪਿਆਰ ਤੇ ਨਫ਼ਰਤ ਨੂੰ ਵੀ ਨਿਰਧਾਰਤ ਕਰਦਾ ਹੈ। ਇਹ ਤਿੰਨੇ ਧਰਮ ਜੂਡਾਇਜ਼ਮ ਜਾਂ ਯਹੂਦੀ ਧਰਮ, ਇਸਾਈ ਧਰਮ ਤੇ ਇਸਲਾਮ ਦੁਨੀਆ ਵਿਚ ਪ੍ਰਮੁੱਖ ਹੋਣ ਦੇ ਨਾਲ-ਨਾਲ ਇਸ ਧਰਤੀ ਦੇ ਪਰੌਮਿਸਡ ਲੈਂਡ ਦੇ ਧੁਰੇ ਵਿਚ ਇਕ ਦੂਜੇ ਦੇ ਵਿਰੋਧ ਵਿਚ ਖੜ੍ਹੇ ਨਜ਼ਰ ਆਉਂਦੇ ਹਨ।

ਫਿਲਸਤੀਨੀਆਂ ਖਿਲਾਫ਼ ਇਜ਼ਰਾਇਲ ਦਾ ਸ਼ਕਤੀ ਪ੍ਰਦਰਸ਼ਨ ਤੇ ਹਿੰਸਾ ਦੇਖ ਕੇ ਹੈਰਾਨੀ ਨਹੀਂ ਹੁੰਦੀ, ਕਿਉਂਕਿ ਯਹੂਦੀਆਂ ਦੇ ਇਤਿਹਾਸ ਵਿਚ ਦੂਸਰਿਆਂ ਨੂੰ ਮਾਰਕੇ ਉਨ੍ਹਾਂ ਦੀ ਜ਼ਮੀਨ ਤੇ ਜਾਇਦਾਦ ਹਥਿਆਉਣ ਦੀ ਪਰੰਪਰਾ ਈ: ਪੂ: 1490 ਤੋਂ ਚਲੀ ਆ ਰਹੀ ਹੈ। ਓਲਡ ਟੈਸਟਾਮੈਂਟ ਵਿਚ ਲਿਖਿਆ ਮਿਲਦਾ ਹੈ ਕਿ-

> ਜੋਸ਼ੂਆ ਨੇ ਪੂਰੇ ਇਲਾਕੇ ਦੇ ਲੋਕਾਂ ਦਾ ਕਤਲੇਆਮ ਕਰ ਦਿੱਤਾ-ਪਹਾੜੀ ਇਲਾਕੇ ਨੇਗੇਵ, ਸ਼ੇਫੇਲਾ ਤੇ ਹੋਰ ਸਾਰੇ ਪਾਣੀ ਵਾਲੇ ਇਲਾਕਿਆਂ ਦੇ ਲੋਕਾਂ ਤੇ ਸਾਰੇ ਰਾਜਿਆਂ ਨੂੰ ਮਾਰ ਦਿੱਤਾ। ਉਹਨੇ ਕਿਸੇ ਨੂੰ ਵੀ ਜਿਉਂਦਿਆਂ ਨਹੀਂ ਛੱਡਿਆ ਤੇ ਉਨ੍ਹਾਂ ਸਾਰਿਆਂ ਨੂੰ ਨਸ਼ਟ ਕਰ ਦਿਤਾ ਜਿਹੜੇ ਸਾਹ ਲੈਂਦੇ ਸਨ।' (ਜੋਸ਼ੂਆ 10: 40-41)

ਜੋਸ਼ੂਆ ਨੇ ਆਪਣੀ ਕਹਾਣੀ ਆਪਣੇ ਹਿੰਸਾਤਮਕ ਸ਼ਬਦਾਂ ਵਿਚ ਸੁਣਾਈ ਹੈ। ਉਹਦੇ ਅਨੁਸਾਰ-'ਜੇ ਤੁਸੀਂ ਉਨ੍ਹਾਂ ਨੂੰ ਜਿਉਂਦੇ ਛੱਡ ਦਿਓਗੇ, ਤਾਂ ਉਹ ਤੁਹਾਡੀਆਂ ਅੱਖਾਂ ਵਿਚ ਸੂਈਆਂ ਵਾਂਗ ਤੇ ਜਿਸਮਾਂ ਵਿਚ ਕੰਡਿਆਂ ਵਾਂਗ ਚੁਭਣਗੇ ਤੇ ਜਿਥੇ ਤੁਸੀਂ ਰਹੋਗੇ ਓਥੇ ਤੁਹਾਨੂੰ ਤਕਲੀਫ਼ ਦੇਣਗੇ।' ਡੇਵਿਡ ਤੇ ਸੋਲੋਮਨ ਦੇ ਕਾਲ ਵਿਚ (1000 ਤੋਂ 927 ਈ: ਪੂ:) ਵਿਭਿੰਨ ਯਹੂਦੀ ਕਬੀਲੇ ਸੰਗਠਿਤ ਹੋਏ ਤੇ ਇਕ ਰਾਜ ਦੀ ਸਥਾਪਨਾ ਕੀਤੀ। ਲਗਭਗ 73 ਵਰ੍ਹਿਆਂ ਤਕ ਇਹ ਇਕ ਆਜ਼ਾਦ ਤੇ ਸ਼ਕਤੀਸ਼ਾਲੀ ਰਾਜ ਸੀ। 927 ਈ: ਪੂ: ਵਿਚ ਸੋਲੋਮਨ ਦੀ ਮੌਤ ਹੋ ਗਈ। ਇਨ੍ਹਾਂ ਨੂੰ ਹਿਬਰੂ ਕਿਹਾ ਜਾਵੇ ਜਾਂ ਇਜ਼ਰਾਇਲੀ ਜਾਂ ਯਹੂਦੀ ਕਿਉਂਕਿ ਉਹ ਬਾਹਰੋਂ ਆਏ ਸਨ ਤੇ ਉਨ੍ਹਾਂ ਨੇ ਫ਼ਿਲਸਤੀਨ ਦੇ ਮੂਲ ਨਿਵਾਸੀਆਂ ਨੂੰ ਏਥੋਂ ਖਦੇੜ ਦਿੱਤਾ।

ਇਜ਼ਰਾਇਲੀ ਪਹਿਲੀ ਸੰਸਾਰ ਜੰਗ ਤੋਂ ਬ੍ਰਿਟੇਨ ਤੇ ਅਮਰੀਕਾ ਦੀ ਚੁੱਕ ਵਿਚ ਆ ਕੇ ਜੋ ਕੁਝ ਕਰ ਰਹੇ ਹਨ, ਉਹ ਹਿੰਸਾ ਦੀ ਉਨ੍ਹਾਂ ਦੀ ਉਹੀ ਪਰੰਪਰਾ ਹੈ ਜੋ ਹਿਬਰੂ ਕਬੀਲਿਆਂ ਨੇ ਈ: ਪੂ: ਤੇਰਵੀਂ ਸਦੀ ਵਿਚ ਸ਼ੁਰੂ ਕੀਤੀ ਸੀ। ਉਨ੍ਹਾਂ ਦੀ ਇਹ ਮਾਨਸਿਕਤਾ ਹਜ਼ਾਰਾਂ ਵਰ੍ਹੇ ਪੁਰਾਣੀ ਹੈ।

ਅੱਜ ਉਨ੍ਹਾਂ ਵਿਚ ਬਹੁਤ ਸਾਰੇ ਆਸਥਾ ਤੋਂ ਕੋਰੇ ਨਾਸਤਿਕ ਵੀ ਹਨ। ਇਸ ਲਈ ਉਹ ਆਪਣੇ ਪੁਰਖੇ ਅਬਰਾਹਾਮ ਤੇ ਜੋਸ਼ੂਆ ਦੇ ਦੇਸ਼ ਲਈ ਸੰਘਰਸ਼ ਦੀ ਗੱਲ ਨਹੀਂ ਕਰਦੇ। ਹੁਣ ਤਾਂ ਉਹ ਫ਼ਿਲਸਤੀਨ 'ਤੇ ਕਬਜ਼ੇ ਦਾ ਕਾਰਨ ਭੂਗੋਲਿਕ, ਰਾਜਨੀਤਕ ਤੇ ਸੁਰੱਖਿਆ ਸਥਿਤੀ ਨੂੰ ਦੱਸਦੇ ਹਨ। ਪ੍ਰਾਚੀਨ ਕਾਲ ਵਿਚ ਕਨਾਨ ਦੇ ਨਿਵਾਸੀ ਜੋ ਅੱਜ ਦਾ ਫ਼ਿਲਸਤੀਨ ਹੈ, ਇਜ਼ਰਾਇਲੀ ਕਬੀਲਿਆਂ ਨੂੰ ਹਿਬਰੂ, ਹਾਬਿਰੂ ਜਾਂ ਆਪਿਰੂ ਕਹਿੰਦੇ ਸਨ ਜਿਸਦਾ ਅਰਥ ਹੈ, 'ਉਹ ਜੋ ਜੌਰਡਨ ਦੇ ਉਸ ਪਾਰੋਂ ਆਏ।'

ਅਮਰਨਾ ਦੇ ਖ਼ਤ ਜੋ ਬੇਬੀਲੋਨੀ ਭਾਸ਼ਾ ਵਿਚ 296 ਮਿੱਟੀ ਦੀਆਂ ਵੱਡੀਆਂ-ਵੱਡੀਆਂ ਟਿੱਕੀਆਂ 'ਤੇ ਲਿਖੇ ਹੋਏ ਨੇ, 1887 ਵਿਚ ਓਥੋਂ ਮਿਲੇ ਸਨ, ਉਸ ਕਾਲ ਦੇ ਸਬੂਤ ਹਨ। ਇਨ੍ਹਾਂ ਖ਼ਤਾਂ ਵਿਚ ਮਿਸਰ ਦੇ ਫਾਰੋਆਂ ਐਮੀਨੋਫਿਸ-3 ਤੇ ਐਮੀਨੋਫਿਸ-4 ਨੂੰ ਕਨਾਨ ਦੇ ਰਾਜਿਆਂ ਦੀ ਹਿੰਸਕ ਹਮਲਾਵਰ ਹਿਬਰੂ ਕਬੀਲਿਆਂ ਤੋਂ ਰੱਖਿਆ ਲਈ ਤਰਲੇ ਮਿੰਨਤਾਂ ਕੀਤੀਆਂ ਗਈਆਂ ਹਨ। ਪਰ ਉਨ੍ਹਾਂ ਨੂੰ ਸਹਾਇਤਾ ਨਾ ਮਿਲਣ ਕਾਰਨ ਏਸ਼ੀਆ ਦੇ ਇਸ ਹਿੱਸੇ 'ਤੇ ਮਿਸਰ ਦੀ ਪ੍ਰਭੂਸੱਤਾ ਖਤਮ ਹੋ ਗਈ। ਪਰ ਇਹ ਖ਼ਤ ਇਸ ਗੱਲ ਦੇ ਗਵਾਹ ਹਨ ਕਿ ਅੱਜ ਦੇ ਇਜ਼ਰਾਇਲੀਆਂ ਦੇ ਆਦਿ-ਪੁਰਖ ਕਿਹੋ ਜਿਹੇ ਸਨ। ਮਿਸਰ ਜਿਸ ਸਮੇਂ ਹਿੱਕਸਾਸ ਫਾਰੋਆਂ ਦੇ ਕੰਟਰੋਲ ਵਿਚ ਸੀ, ਉਸ ਸਮੇਂ ਸੱਤਰ ਮੈਂਬਰਾਂ ਦਾ ਵੱਡਾ ਪਰਿਵਾਰ ਜੋ ਮੂਲ ਰੂਪ ਵਿਚ ਮੈਸੋਪੋਟੇਮੀਆ ਤੋਂ ਆਇਆ ਸੀ, ਮਿਸਰ ਵਿਚ ਉਹਦਾ ਪ੍ਰਵੇਸ਼ ਹੋਇਆ। ਉਹ 1750 ਈ: ਪੂ: ਵਿਚ ਕਨਾਨ ਦੇ ਕਾਲ ਤੋਂ ਬਚ ਕੇ ਦੌੜੇ ਸਨ। 1250 ਈ: ਪੂ: ਵਿਚ ਫਰੋਆਂ ਦੇ ਰਾਜ ਵਿਚ ਦਾਸਾਂ ਦੀ ਫੌਜ ਦੇ ਰੂਪ ਵਿਚ ਇਜ਼ਰਾਇਲੀ ਮਿਸਰ ਵਿਚੋਂ ਨਿਕਲੇ। ਮਿਸਰ ਵਿਚੋਂ ਇਹ ਸਮੂਹਿਕ ਨਿਕਾਲਾ ਪੈਗੰਬਰ ਮੋਜਿਜ਼ ਦੀ ਅਗਵਾਈ ਵਿਚ ਇਜ਼ਾਰਾਇਲ ਦੇ ਜਨਮ ਦਾ ਕਾਲ ਮੰਨਿਆ ਜਾਂਦਾ ਹੈ।

ਉਨ੍ਹਾਂ ਨੂੰ ਕਨਾਨ 'ਤੇ ਕੰਟਰੋਲ ਕਰਨ ਵਿਚ ਦੋ ਸੌ ਵਰ੍ਹੇ ਲੱਗ ਗਏ। ਅਮਰਨਾ ਦੇ ਖ਼ਤਾਂ ਤੇ ਓਲਡ ਟੈਸਟਾਮੈਂਟ ਦੇ ਵੱਖ-ਵੱਖ ਹਿੱਸਿਆਂ ਵਿਚ ਉਸ ਜ਼ਮਾਨੇ ਦੇ ਸੰਘਰਸ਼ਾਂ ਤੇ ਹਿੰਸਾ ਦੇ ਹਵਾਲੇ ਮਿਲਦੇ ਹਨ। 20ਵੀਂ ਸਦੀ ਵਿਚ ਇਜ਼ਰਾਇਲੀਆਂ ਦੁਆਰਾ ਇਥੋਂ ਦੇ ਮੂਲ ਨਿਵਾਸੀਆਂ ਨੂੰ ਖਦੇੜਨ ਦੀ ਨੀਤੀ ਤੇ ਵਿਆਪਕ ਹਿੰਸਾ ਦਾ ਇਤਿਹਾਸ ਉਸ ਕਾਲ ਦੇ ਪੁਨਰ-ਜਨਮ ਵਰਗਾ ਲੱਗਦਾ ਹੈ।


**www.sanvad.org**
ISSN : 2395-1273

ਓਲਡ ਟੈਸਟਾਮੈਂਟ ਵਿਚ ਕਨਾਨ ਦੇ ਮੂਲ ਨਿਵਾਸੀਆਂ ਬਾਰੇ ਅਨੇਕਾਂ ਸੰਦਰਭ ਮਿਲਦੇ ਹਨ। ਬੁਕ ਆਫ ਜੈਨੇਸਿਸ ਦੇ 15:12 ਵਿਚ ਉਨ੍ਹਾਂ ਦਾ ਜ਼ਿਕਰ ਮਿਲਦਾ ਹੈ, ਜਿਹੜੀਆਂ ਜਾਤੀਆਂ ਤੇ ਕਬੀਲੇ ਈ: ਪੂ: 23ਵੀਂ ਤੇ 19ਵੀਂ ਸ਼ਤਾਬਦੀਆਂ ਵਿਚ ਆਏ। ਐਕਸੋਡਸ 17:8, 9 ਅਨੁਸਾਰ ਮੋਜਿਜ਼ ਦੀ ਅਗਵਾਈ ਵਿਚ ਇਜ਼ਰਾਇਲੀਆਂ ਨੇ ਕਨਾਨ ਦੇ ਕਈ ਸ਼ਹਿਰਾਂ ਨੂੰ ਤਬਾਹ ਕਰ ਦਿੱਤਾ ਤੇ ਓਥੋਂ ਦੇ ਰਾਜੇ ਨੂੰ ਮਾਰ ਦਿੱਤਾ। ਅਗਲੇ ਸੰਦਰਭਾਂ ਵਿਚ ਦੂਸਰੇ ਰਾਜਿਆਂ ਦੀ ਹਾਰ ਤੇ ਉਸ ਤੋਂ ਜੌਰਡਨ ਦੇ ਪਾਰਲੇ ਇਲਾਕਿਆਂ ਵਿਚ ਇਜ਼ਰਾਇਲੀ ਕਬੀਲਿਆਂ ਦੇ ਵੱਸਣ ਦਾ ਜ਼ਿਕਰ ਹੈ। ਉਸ ਤੋਂ ਬਾਅਦ ਉਨ੍ਹਾਂ ਨੇ ਮੀਡੀਅਨ 'ਤੇ ਹਮਲਾ ਕੀਤਾ ਤੇ ਯੁੱਧ ਵਿਚ ਲੋਕਾਂ ਨੂੰ ਮਾਰਨ ਤੋਂ ਇਲਾਵਾ ਉਨ੍ਹਾਂ ਨੇ ਮੀਡੀਅਨ ਔਰਤਾਂ ਨੂੰ ਆਪਣੇ ਕਬਜੇ ਵਿਚ ਕਰ ਲਿਆ। ਉਨ੍ਹਾਂ ਦਾ ਪਸ਼ੂ ਧਨ ਤੇ ਜਾਇਦਾਦਾਂ ਖੋਹ ਲਈਆਂ। ਉਨ੍ਹਾਂ ਦੇ ਸਾਰੇ ਸ਼ਹਿਰ ਸਾੜ ਕੇ ਸਵਾਹ ਕਰ ਦਿੱਤੇ। ਮੋਜਿਜ਼ ਦੀ ਮੌਤ ਤੋਂ ਬਾਅਦ ਜੋਸ਼ੂਆ ਉਨ੍ਹਾਂ ਦਾ ਆਗੂ ਬਣਿਆ।

ਜ਼ੇਰਿਕੋ 'ਤੇ ਹਮਲਾ ਕਰ ਕੇ ਉਨ੍ਹਾਂ ਨੇ ਸਭ ਕੁਝ ਤਬਾਹ ਕਰ ਦਿੱਤਾ। ਸਾਰੇ ਆਦਮੀ, ਔਰਤਾਂ, ਜਵਾਨ, ਬੁੱਢੇ, ਜਾਨਵਰ, ਭੇਡਾਂ, ਗਧਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ (ਜੋਸ਼ੂਆ 6:21) ਏਸੇ ਤਰ੍ਹਾਂ ਜੋਸ਼ੂਆ ਦੇ ਹੋਰ ਸੰਦਰਭਾਂ ਅਨੁਸਾਰ ਦੂਸਰੇ ਸ਼ਹਿਰਾਂ ਤੇ ਬਸਤੀਆਂ ਨੂੰ ਤਬਾਹ ਕੀਤਾ ਗਿਆ ਜਿਨ੍ਹਾਂ ਵਿਚ ਯੇਰੂਸ਼ਲਮ ਤੇ ਹੈਬਰਾਨ ਵੀ ਸ਼ਾਮਿਲ ਸਨ। ਜੋਸ਼ੂਆ 11:2-6 ਅਨੁਸਾਰ ਜੋਸ਼ੂਆ ਨੇ ਐਮੋਰਾਈਟ, ਹਿਟਾਇਟ, ਪੇਰਿਜ਼ਾਈਟ ਆਦਿ ਰਾਜਿਆਂ ਨੂੰ ਹਰਾਇਆ। ਉਨ੍ਹਾਂ ਦੇ ਘੋੜਿਆਂ ਤੇ ਰੱਥਾਂ ਨੂੰ ਤਬਾਹ ਕਰ ਦਿੱਤਾ ਤੇ ਮਾਊਂਟ ਹਰਮਾੱਨ ਤੋਂ ਹੇਠਾਂ ਲੈਬਨਾਨ ਦੀ ਘਾਟੀ ਵਿਚ ਬਾਲਗਰ ਤਕ ਇਹ ਸਾੜ ਫੂਕ ਚੱਲਦੀ ਰਹੀ।

ਏਸੇ ਦੌਰਾਨ ਫਿਲਸਤੀਨੀ ਆਏ ਤੇ ਉਨ੍ਹਾਂ ਨੇ ਸਮੁੰਦਰੀ ਕੰਢੇ ਦੇ ਨਾਲ-ਨਾਲ ਸਾਰਾ ਇਲਾਕਾ ਹਥਿਆ ਲਿਆ। ਉਨ੍ਹਾਂ ਨੇ ਪੰਜ ਪ੍ਰਮੁੱਖ ਸ਼ਹਿਰਾਂ ਗਾਜ਼ਾ, ਐਸ਼ੇਲੋਨ, ਅਸ਼ਦਾਦ, ਗਾਥ ਤੇ ਐਕਰਾਨ 'ਤੇ ਕਬਜ਼ਾ ਕਰ ਲਿਆ। ਇਨ੍ਹਾਂ ਦਿਨਾਂ ਵਿਚ ਏਹੁੱਦ, ਬਰਾਕ, ਡੇਬੋਰਾ ਤੇ ਗਿਡੀਅਨ ਇਜ਼ਰਾਇਲੀਆਂ ਨਾਲ ਭਿੜ ਰਹੇ ਸਨ। ਈ: ਪੂ: 1002 ਕਿੰਗ ਡੇਵਿਡ ਨੇ ਇਜ਼ਾਰਾਇਲ ਦੇ ਸਾਰੇ ਦੁਸ਼ਮਣਾਂ ਨੂੰ ਹਰਾ ਦਿੱਤਾ, ਜਿਨ੍ਹਾਂ ਵਿਚ ਫਿਲਸਤੀਨੀ ਵੀ ਸ਼ਾਮਲ ਸਨ।

ਬਾਈਬਲ ਅਨੁਸਾਰ ਸੋਲੋਮਨ ਦੀ ਮੌਤ ਤੋਂ ਬਾਅਦ 1925 ਈ: ਪੂ: ਵਿਚ ਇਜ਼ਰਾਇਲੀਆਂ ਵਿਚ ਖਾਨਾਜੰਗੀ ਸ਼ੁਰੂ ਹੋ ਗਈ ਤੇ ਮੁਲਕ ਦੋ ਹਿੱਸਿਆਂ ਵਿਚ ਵੰਡਿਆ ਗਿਆ। ਉੱਤਰੀ ਹਿੱਸਾ ਇਜ਼ਾਰਾਇਲ ਤੇ ਦੱਖਣੀ ਜੂਡਾ ਬਣ ਗਿਆ। ਉੱਤਰ ਵਾਲਾ ਹਿੱਸਾ ਅਮੀਰ ਸੀ ਤੇ ਰਾਜਨੀਤਕ ਰੂਪ ਵਿਚ ਪ੍ਰਭਾਵਸ਼ਾਲੀ ਸੀ ਪਰ ਅੰਦਰੂਨੀ ਸਾਜਿਸ਼ਾਂ ਤੇ ਬਾਰ-ਬਾਰ ਬਦਲ ਰਹੇ ਰਾਜਿਆਂ ਕਰਕੇ ਅਸਥਿਰ ਸੀ। ਜੂਡਾ ਇਸ ਪੱਖੋਂ ਸ਼ਾਂਤ ਸੀ ਤੇ ਡੇਵਿਡ ਖਾਨਦਾਨ ਦਾ ਰਾਜ ਸ਼ਤਾਬਦੀਆਂ ਤਕ ਓਥੇ ਕਾਇਮ ਰਿਹਾ। ਹੌਲੀ-ਹੌਲੀ ਰਾਜਿਆਂ ਨੇ ਧਾਰਮਿਕਤਾ ਨੂੰ ਰਾਜਧਾਨੀ ਯੇਰੂਸ਼ਲਮ 'ਤੇ ਕੇਂਦਰਿਤ ਕਰ ਦਿੱਤਾ, ਉਸ ਯਹੂਦੀ ਮੰਦਰ 'ਤੇ ਜੋ ਰਾਜ ਮਹਿਲ ਦੇ ਨੇੜੇ ਸੀ। ਉਨ੍ਹਾਂ 'ਤੇ ਮਿਸਰ, ਅਸੀਰੀਆ, ਬੇਬੀਲੋਨ, ਫਾਰਸ, ਯੂਨਾਨ ਤੇ ਰੋਮ ਦੁਆਰਾ ਹਮਲੇ ਕੀਤੇ ਗਏ। ਜਦੋਂ ਅਸੀਰੀਆ ਨੇ ਇਜ਼ਾਰਾਇਲ 'ਤੇ ਈ: ਪੂ: 732 ਵਿਚ ਕਬਜ਼ਾ ਕਰ ਲਿਆ ਤਾਂ ਇਥੋਂ ਬਹੁਤ ਵੱਡੀ ਗਿਣਤੀ ਵਿਚ ਲੋਕ ਖਦੇੜੇ ਗਏ ਜੋ ਸਮਾਰੀਆ ਜਾ ਕੇ ਵੱਸ ਗਏ। ਤਦ ਤੋਂ ਯਹੂਦੀ ਦੁਨੀਆ ਵਿਚ ਫਿਰ ਰਹੇ ਨੇ। ਅੱਜ ਜੇ ਯਹੂਦੀ ਡਾਇਸਪੋਰਾ ਦੀ ਗੱਲ ਕਰੀਏ ਤਾਂ ਯਹੂਦੀ ਦੁਨੀਆ ਦੇ ਹਰ ਦੇਸ਼ ਵਿਚ ਵੱਸੇ ਹੋਏ ਹਨ। ਫਿਰ ਇਹ ਸਮਝ ਨਹੀਂ ਆਉਂਦੀ ਕਿ ਯੋਰਪ ਦੇ ਯਹੂਦੀ ਹੋਮਲੈਂਡ ਪਰਤਣ ਦੀ ਗੱਲ ਕਿਉਂ ਕਰਦੇ ਨੇ। ਉਹ ਹਿਟਲਰ ਦੇ ਹੋਲੋਕਾਸਟ ਜਾਂ ਯੋਰਪ ਦੇ ਐਂਟੀ ਸੇਮਿਟਿਜ਼ਮ ਦੀ ਗੱਲ ਕਿਉਂ ਨਹੀਂ ਕਰਦੇ? ਉਹ ਇਜ਼ਾਰਾਇਲ ਤੇ ਜੂਡਾ ਦੇ ਸੰਯੁਕਤ ਰਾਜ ਦੀ ਗੱਲ ਕਿਉਂ ਕਰਦੇ, ਜਦ ਕੇ ਏਨੇ ਲੰਮੇ ਇਤਿਹਾਸਕ ਸਫ਼ਰ ਵਿਚ ਉਹ ਕਦੇ ਵੀ ਇਕ ਥਾਂ ਤੇ ਵਿਸ਼ੇਸ਼ ਕਰਕੇ ਕਨਾਨ ਵਿਚ ਨਹੀਂ ਵੱਸ ਸਕੇ।

ਇਸ ਲੰਮੀ ਚੌੜੀ ਇਤਿਹਾਸਕ ਪਿੱਠਭੂਮੀ ਤੋਂ ਇਹ ਗੱਲ ਸਪਸ਼ਟ ਹੁੰਦੀ ਹੈ ਕਿ ਕੋਈ ਵੀ ਵਿਸ਼ੇਸ਼ ਜਾਤੀ ਜਾਂ ਕੌਮ ਜਾਂ ਧਾਰਮਿਕ ਸੰਪਰਦਾਇ ਇਸ ਦੇਸ਼ 'ਤੇ ਦਾਅਵਾ ਨਹੀਂ ਕਰ ਸਕਦੀ। ਮਨੁੱਖੀ ਇਤਿਹਾਸ ਦੇ ਕਈ ਹਜ਼ਾਰ ਵਰ੍ਹਿਆਂ ਵਿਚ ਅਨੇਕਾਂ ਜਾਤੀਆਂ, ਕਬੀਲਿਆਂ ਤੇ ਸਮੁਦਾਇਆਂ ਦੇ ਲੋਕ ਇਕ ਖਿੱਤੇ ਤੋਂ ਦੂਜੇ ਖਿੱਤੇ ਵਿਚ ਜਾ ਕੇ ਵੱਸਦੇ ਰਹੇ ਹਨ। ਯਹੂਦੀ ਜੋ ਕਦੇ ਏਥੇ ਰਹਿੰਦੇ ਸਨ, ਉਨ੍ਹਾਂ ਵਿਚੋਂ ਜ਼ਿਆਦਾਤਰ ਲਗਭਗ ਦੋ ਹਜ਼ਾਰ ਵਰ੍ਹੇ ਪਹਿਲਾਂ ਰੋਮ ਸਾਮਰਾਜ, ਯੋਰਪ ਤੇ ਏਸ਼ੀਆ ਦੇ ਦੂਸਰੇ ਮੁਲਕਾਂ ਵਿਚ ਜਾ ਕੇ ਵੱਸ ਗਏ ਸਨ। ਉਨ੍ਹਾਂ ਦਾ ਇਹ ਦਾਅਵਾ ਕਿ ਇਹ ਉਨ੍ਹਾਂ ਦਾ ਪਰੌਮਿਸਡ ਲੈਂਡ ਜਾਂ ਮਾਤ ਭੂਮੀ ਹੈ ਤੇ ਉਹ ਦੁਬਾਰਾ ਇਸ 'ਤੇ ਕਬਜ਼ੇ ਦੇ ਹੱਕਦਾਰ ਹਨ, ਤਰਕ ਸੰਗਤ ਨਹੀਂ। ਜੇ ਸਾਰੀ ਦੁਨੀਆ ਵਿਚ ਖਿਲਰੇ ਯਹੂਦੀਆਂ ਦੇ ਮਨ ਵਿਚ ਓਲਡ ਟੈਸਟਾਮੈਂਟ ਦਾ ਇਹ ਵਿਸ਼ਵਾਸ ਕਿ ਫਿਲਸਤੀਨ ਉਨ੍ਹਾਂ ਦਾ ਪਰੌਮਿਸਡ ਲੈਂਡ ਹੈ ਤੇ ਉਨ੍ਹਾਂ ਨੂੰ ਵਾਪਸ ਮਿਲਣਾ ਚਾਹੀਦਾ ਹੈ, ਤਾਂ ਇਹ ਸਿਰਫ਼ ਇਕ ਧਾਰਮਿਕ ਮਾਨਤਾ ਤੋਂ ਵੱਧ ਕੇ ਕੁਝ ਨਹੀਂ। ਇਹ ਇਤਿਹਾਸ ਦਾ ਹਿੱਸਾ ਨਹੀਂ। ਇਸ ਲਈ ਇਜ਼ਾਰਾਇਲ ਦਾ

ਫ਼ਿਲਸਤੀਨ 'ਤੇ ਕਬਜ਼ਾ ਸਾਮਰਾਜੀ ਧੌਂਸ ਕਰਕੇ ਬਰਕਰਾਰ ਹੈ। ਜਿਹੜੇ ਯਹੂਦੀ ਵੱਖ-ਵੱਖ ਥਾਵਾਂ ਤੋਂ ਏਥੇ ਆ ਕੇ ਵੱਸੇ ਵੀ ਹਨ, ਉਨ੍ਹਾਂ ਦੀਆਂ ਭਾਸ਼ਾਵਾਂ, ਸੰਸਕ੍ਰਿਤੀ ਤੇ ਰਹਿਣ ਸਹਿਣ ਵੱਖ-ਵੱਖ ਹਨ। ਏਸੇ ਕਰਕੇ ਇਸ ਧਰਤੀ ਬਾਰੇ ਜਿਹੜੀ ਬੈਟਲ ਆਫ਼ ਨੈਰੇਟਿਵ ਚੱਲ ਰਹੀ ਹੈ ਉਸ ਦੀਆਂ ਅਨੇਕਾਂ ਪਰਤਾਂ ਹਨ। ਇਹ ਮਿੱਥਕਾਂ ਤੋਂ ਲੈ ਕੇ ਵਰਤਮਾਨ ਦੀ ਦੁਨੀਆ ਦੀ ਸਾਮਰਾਜੀ ਤਾਕਤਾਂ ਦੀ ਜੰਗ ਹੈ, ਜਿਨ੍ਹਾਂ ਦੇ ਏਜੰਡੇ ਉਨ੍ਹਾਂ ਦੀਆਂ ਨੀਤੀਆਂ ਅਨੁਸਾਰ ਤਹਿ ਹੁੰਦੇ ਹਨ ਤੇ ਦਾਬੇ ਦੀ ਰਾਜਨੀਤੀ ਕਰਕੇ ਇਹ ਮੁਲਕ ਜੰਗੀ ਅਖਾੜੇ ਬਣੇ ਹੋਏ ਹਨ।

## ਫਿਲਸਤੀਨੀ ਕਵਿਤਾ ਵਿਚਲੀ ਜਲਾਵਤਨੀ ਪੀੜ

ਫਿਲਸਤੀਨੀ ਇਸ ਵੇਲੇ ਸੰਕਟ ਦੀ ਘੜੀ ਵਿਚੋਂ ਲੰਘ ਰਹੇ ਹਨ। ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆ ਰਹੀ। ਯੁੱਧ ਦੀ ਮਾਰ ਨੇ ਉਨ੍ਹਾਂ ਦੀ ਕਮਰ ਤੋੜ ਦਿੱਤੀ ਹੈ ਤੇ ਉਹ ਇਕ ਵਾਰ ਫੇਰ ਸ਼ਰਨਾਰਥੀ ਕੈਂਪਾਂ ਵਿਚ ਜ਼ਿੰਦਗੀ ਜਿਊਣ ਲਈ ਸਰਾਪੇ ਗਏ ਹਨ। ਸੰਕਟ ਕਾਲ ਵਿਚ ਹਮੇਸ਼ਾਂ ਕਲਮਕਾਰਾਂ ਨੇ ਭਵਿੱਖ ਦੀ ਆਸ ਦਾ ਦੀਵਾ ਬਾਲੀ ਰੱਖਿਆ ਹੈ। 'ਇੰਤੇਫਾਦਾ' (ਨਵ-ਜਾਗਰਣ ਦੀ ਲਹਿਰ) ਨੇ ਜੋ ਸਿਆਸੀ ਪਿੜ ਵਿਚ ਰੋਲ ਨਿਭਾਇਆ ਹੈ ਉਹ ਆਪਣੀ ਥਾਂ ਅਹਿਮੀਅਤ ਰੱਖਦਾ ਹੈ, ਪਰ ਸੰਘਰਸ਼ ਨੂੰ ਜਿਹੜੀ ਤਾਕਤ ਕਲਮਕਾਰਾਂ ਨੇ ਦਿੱਤੀ ਉਹਦਾ ਕੋਈ ਜੁਆਬ ਨਹੀਂ। ਫ਼ਿਲਸਤੀਨੀ ਕਵੀ ਆਪਣੇ ਸਾਹਿਤ ਨੂੰ ਬਾਗ਼ੀ, ਨਾਬਰੀ ਜਾਂ ਪ੍ਰਤੀਰੋਧੀ ਕਹਿਣ ਦੀ ਥਾਂ ਜਲਾਵਤਨੀ ਦਾ ਸਾਹਿਤ ਕਹਿਣਾ ਵਧੇਰੇ ਪਸੰਦ ਕਰਦੇ ਹਨ ਕਿਉਂਕਿ ਇਤਿਹਾਸਕ ਸਮਿਆਂ ਤੋਂ ਉਹ ਜਲਾਵਤਨੀ ਦਾ ਸਰਾਪ ਭੋਗ ਰਹੇ ਹਨ।

ਸ਼ਹਿਰਾਂ ਦਾ ਰਾਜਨੀਤਕ, ਸਮਾਜਕ ਤੇ ਸਾਹਿਤਕ ਢਾਂਚਾ ਇਸ ਅੰਦੋਲਨ ਤੋਂ ਪ੍ਰਭਾਵਿਤ ਹੋਇਆ। ਯੁੱਧ ਤੋਂ ਪਹਿਲਾਂ ਤੇ ਬਾਅਦ ਵਿਚ ਵੀ ਸ਼ਹਿਰਾਂ ਦੇ ਸ਼ਹਿਰ ਖਾਲ੍ਹੀ ਹੋਣ ਲੱਗੇ। ਇਸ ਹਫੜਾ ਦਫੜੀ ਨੇ ਫ਼ਿਲਸਤੀਨੀਆਂ ਦੀ ਜ਼ਿੰਦਗੀ ਨੂੰ ਅਜ਼ਾਬ ਨਾਲ ਭਰ ਦਿੱਤਾ ਕਿਉਂਕਿ ਸ਼ਹਿਰ ਹੀ ਸਾਹਿਤ ਤੇ ਰਾਜਨੀਤੀ ਦੇ ਪ੍ਰਮੁੱਖ ਕੇਂਦਰ ਸਨ। ਫ਼ਿਲਸਤੀਨ ਦੇ ਸਾਰੇ ਇਲਾਕੇ ਇਜ਼ਰਾਇਲ ਦੇ ਕਬਜ਼ੇ ਵਿਚ ਹਨ। ਓਥੋਂ ਦੀ ਹਕੂਮਤ ਦੀ ਕੋਸ਼ਿਸ਼ ਸੀ ਕਿ ਫ਼ਿਲਸਤੀਨੀਆਂ ਦੇ ਦਿਲੋ-ਦਿਮਾਗ਼ ਵਿਚੋਂ ਉਨ੍ਹਾਂ ਦੀ ਪਛਾਣ ਖੁਰਚ ਕੇ ਉਨ੍ਹਾਂ ਨੂੰ ਇਜ਼ਰਾਇਲੀ ਸਭਿਆਚਾਰ, ਸਮਾਜਕ, ਰਾਜਨੀਤਕ, ਵਿਵਸਥਾ ਤੇ ਵਾਤਾਵਰਣ ਵਿਚ ਢਾਲਣ ਲਈ ਹਰ ਹਰਬਾ ਵਰਤਿਆ ਜਾਵੇ। ਇਸ ਖਤਰਨਾਕ ਸਾਜਿਸ਼ ਤੋਂ ਪਹਿਲਾਂ ਫ਼ਿਲਸਤੀਨੀ ਭਾਸ਼ਾ, ਸਾਹਿਤ ਤੇ ਸਭਿਆਚਾਰ ਦਾ ਮੂਲ ਸ੍ਰੋਤ ਅਰਬੀ ਸੀ। ਲੈਬਨਾਨ, ਇਜਿਪਟ ਤੇ ਸੀਰੀਆ ਦੇ ਅਰਬੀ ਸਾਹਿਤ ਦਾ ਪ੍ਰਭਾਵ ਉਹ ਖੁਲ੍ਹਦਿਲੀ ਨਾਲ ਗ੍ਰਹਿਣ ਕਰ ਰਿਹਾ ਸੀ। ਇਨ੍ਹਾਂ ਮੁਲਕਾਂ ਦੇ ਲੇਖਕ ਫ਼ਿਲਸਤੀਨੀਆਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਚੱਲ ਰਹੇ ਸਨ। ਉਨ੍ਹਾਂ ਦੇ ਸਾਹਿਤ ਵਿਚ ਵੀ ਫਿਲਸਤੀਨ ਦੀ ਸਮੱਸਿਆ ਨੂੰ ਤਿੱਖੇ ਰੂਪ ਵਿਚ ਪੇਸ਼ ਕਰਨ ਦੇ ਸਬੂਤ ਮਿਲਦੇ ਹਨ।

1948 ਤੋਂ ਬਾਅਦ ਹੀ ਫਿਲਸਤੀਨੀ ਸਾਹਿਤ ਨੇ ਆਪਣੀ ਵੱਖਰੀ ਪੇਸ਼ਕਾਰੀ, ਸ਼ੈਲੀ, ਸ਼ਬਦ-ਜੜ੍ਹਤ, ਬਿੰਬਾਵਲੀ, ਪ੍ਰਤੀਕ ਯੋਜਨਾ, ਵਿਸ਼ਿਆਂ ਵਿਚਲੀ ਵੰਨ-ਸੁਵੰਨਤਾ ਰਾਹੀਂ ਪਛਾਣ ਕਾਇਮ ਕਰਨ ਦਾ ਯਤਨ ਕੀਤਾ ਹੈ। ਆਪਣੇ ਸੰਕਟ ਨੂੰ ਉਨ੍ਹਾਂ ਨੇ ਜਲਾਵਤਨੀ ਕਵਿਤਾ ਰਾਹੀਂ ਨਾਬਰੀ ਸੁਰ ਵਿਚ ਪੇਸ਼ ਕੀਤਾ ਹੈ। ਇਸ ਕਵਿਤਾ ਦੇ ਅਧਿਐਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਦੇ ਦਿਲਾਂ 'ਤੇ ਲੱਗੇ ਜ਼ਖ਼ਮ ਕਿੰਨੇ ਡੂੰਘੇ ਹਨ ਪਰ ਪਿਆਰ ਵੀ ਉਨ੍ਹਾਂ ਦੀ ਉਤਸ਼ਾਹੀ ਟੇਕ ਹੈ। ਉਨ੍ਹਾਂ ਨੂੰ ਇਹ ਦੇਖ ਕੇ ਬੜਾ ਦੁੱਖ ਹੁੰਦਾ ਹੈ ਕਿ ਵਿਦੇਸ਼ਾਂ ਵਿਚ ਫਿਲਸਤੀਨੀ ਕਲਾ ਇਜ਼ਰਾਇਲੀ ਫੈਸ਼ਨ ਦੇ ਨਾਂ 'ਤੇ ਲਿਬਾਸ ਦੀ ਸ਼ਕਲ ਵਿਚ ਤੇ ਸਵਾਦੀ ਖਾਣਿਆਂ ਨੂੰ ਯਹੂਦੀ ਬੈਨਰ ਹੇਠ ਪਰੋਸਿਆ ਜਾ ਰਿਹਾ ਹੈ। ਇਕ ਫਿਲਸਤੀਨੀ ਦੇ ਇਸ ਕਥਨ ਵਿਚ ਬੜਾ ਵੱਡਾ ਸੱਚ ਲੁਕਿਆ ਹੋਇਆ ਹੈ ਕਿ-'ਅੱਜ ਸਾਡੇ ਕੋਲ ਕੁਝ ਵੀ ਨਹੀਂ ਬਚਿਆ ਸਿਵਾਏ ਸਾਡੇ ਪਿਆਰ ਦੇ, ਜੋ ਸਿਰਫ਼ ਫਿਲਸਤੀਨ ਤਕ ਸੀਮਤ ਹੋ ਕੇ ਰਹਿ ਗਿਆ ਹੈ ਤੇ ਇਕ ਜਨੂੰਨੀ ਆਸ਼ਕ ਵਾਂਗ ਅਸੀਂ ਆਪਣੀ ਜਵਾਨੀ ਮਹਿਬੂਬ 'ਤੇ ਕੁਰਬਾਨ ਕਰ ਦੇਂਦੇ ਹਾਂ, ਪਰ ਕਦੇ ਨਿਰਾਸ਼ ਹੋ ਕੇ ਆਤਮ ਹੱਤਿਆ ਨਹੀਂ ਕਰਦੇ।'

ਅਜਿਹੇ ਖਤਰਨਾਕ ਮਾਹੌਲ ਵਿਚ ਲੋੜ ਸੀ ਮੁਰਦਾ ਰੂਹਾਂ ਵਿਚ ਨਵਾਂ ਜੋਸ਼ ਭਰਨ ਤੇ ਨਵੇਂ ਸੁਨੇਹੇ ਦੀ। ਫਿਲਸਤੀਨੀ ਸ਼ਾਇਰੀ ਨੂੰ ਸਮੇਂ ਨੇ ਮੌਖਿਕ ਪਰੰਪਰਾ ਵਿਚ ਬੰਨ੍ਹ ਦਿੱਤਾ। ਕਵੀ ਵਾਚਕ ਪਰੰਪਰਾ ਵਿਚ ਆਪਣੇ ਭਾਵਾਂ ਤੇ ਜਜ਼ਬਿਆਂ ਦੀ ਪੇਸ਼ਕਾਰੀ ਕਰਨ ਲੱਗੇ। ਗੀਤਾਂ ਤੇ ਤਰਾਨਿਆਂ ਨੇ ਗ਼ਜ਼ਲਾਂ ਤੇ ਕਸੀਦਿਆਂ ਦੀ ਥਾਂ ਲੈ ਲਈ, ਜਿਨ੍ਹਾਂ ਨੂੰ ਸੁਣਨਾ ਜਿੰਨਾ ਸੌਖਾ ਸੀ ਯਾਦ ਰੱਖਣਾ ਵੀ ਓਨਾ ਹੀ। ਫਿਲਸਤੀਨੀ ਜਿਥੇ ਵੀ ਇਕੱਠੇ ਹੁੰਦੇ ਭਾਵੇਂ ਮੌਤ, ਜਨਮ, ਤਿਓਹਾਰ, ਸ਼ੋਕ-ਸਭਾ ਜਾਂ ਕੋਈ ਜਲਸਾ ਹੋਵੇ ਤਰਾਨੇ ਗਾਉਣੇ ਨਹੀਂ ਸਨ ਭੁੱਲਦੇ।

ਫਿਲਸਤੀਨੀ ਔਰਤਾਂ ਨੇ ਮਰਦਾਂ ਨਾਲੋਂ ਕਿਤੇ ਵੱਧ ਕੁਰਬਾਨੀਆਂ ਦਿੱਤੀਆਂ ਹਨ ਤੇ ਮੌਤ ਤੇ ਜਨਮ ਦੇ ਨਾਲ

ਹੱਸਣਾ ਤੇ ਰੋਣਾ ਉਨ੍ਹਾਂ ਦੀ ਆਦਤ ਵਿਚ ਸ਼ਾਮਲ ਹੈ। ਇਕ ਅਜਿਹੀ ਕੌਮ ਜੋ ਪਿਛਲੇ ਸੌ ਵਰ੍ਹਿਆਂ ਤੋਂ ਜਲਾਵਤਨੀ, ਸ਼ਰਨਾਰਥੀ ਤੇ ਆਵਾਰਗੀ ਦੀ ਜ਼ਿੰਦਗੀ ਜਿਉਂ ਰਹੀ ਹੈ, ਉਹ ਕਿਸ ਮਿੱਟੀ ਦੀ ਬਣੀ ਹੋਈ ਹੈ, ਇਹ ਕੋਈ ਨਹੀਂ ਸਮਝ ਸਕਿਆ। ਉਨ੍ਹਾਂ ਦੇ ਦੁੱਖਾਂ, ਦਰਦਾਂ, ਪੀੜਾਂ ਨੇ ਉਨ੍ਹਾਂ ਨੂੰ ਇਕ ਸੂਤਰ ਵਿਚ ਬੰਨ੍ਹਿਆ ਹੋਇਆ ਹੈ ਤੇ ਵਿਰੋਧੀ ਤਾਕਤਾਂ ਇਸਨੂੰ ਤੋੜਨ ਦੀਆਂ ਕੋਸ਼ਿਸ਼ਾਂ ਵਿਚ ਲਗਾਤਾਰ ਮਸ਼ਰੂਫ਼ ਹਨ। ਆਪਣੀਆਂ ਘਾਟਾਂ, ਖ਼ੂਬੀਆਂ ਦੇ ਬਾਵਜੂਦ ਪੂਰੀ ਕੌਮ ਮੋਰਚੇ 'ਤੇ ਡਟੀ ਹੋਈ ਹੈ ਤੇ ਆਪਣੀ ਪਛਾਣ ਲਈ ਸੰਘਰਸ਼ ਕਰ ਰਹੀ ਹੈ। ਫੌਜੀ ਲਿਬਾਸ, ਸ਼ਾਹੀ ਕਬਾ, ਸੂਟ ਉਪਰ ਸ਼ੋਮਾਲ ਨਾਂ ਦੀ ਅਰਬੀ ਪੱਗ ਪਾਉਣੀ ਉਹ ਕਦੇ ਨਹੀਂ ਭੁੱਲਦੇ।

ਉਨ੍ਹਾਂ ਨੇ ਆਪਣੀਆਂ ਪਰੰਪਰਾਵਾਂ ਨੂੰ ਆਪਣੀ ਕਵਿਤਾ ਵਿਚ ਜਿੰਦਾ ਰਖਿਆ ਹੈ। ਅਰਬੀ ਕਵਿਤਾ ਵਾਲੇ 'ਇਸ਼ਕ' ਦੇ ਜਜ਼ਬੇ ਨੂੰ ਵੀ ਉਨ੍ਹਾਂ ਨੇ ਕਾਇਮ ਰਖਿਆ ਹੈ। ਇਹ ਇਸ਼ਕ ਅੱਜ ਦੀ ਫਿਲਸਤੀਨੀ ਕਵਿਤਾ ਵਿਚ 'ਮਸ਼ੂਕ' ਨਾ ਹੋ ਕੇ 'ਮਾਤ ਭੂਮੀ' ਹੋ ਗਿਆ ਹੈ। ਇਸ ਜਨੂੰਨ ਵਿਚ ਸਭ ਕੁਝ ਲੁਟਾ ਦੇਣ ਵਿਚ ਵੀ ਸਕੂਨ ਹੈ। 'ਨਵੀਂ ਔਰਤ' ਇਸ ਦਿਸ਼ਾ ਵਿਚ ਅਹਿਮ ਹੋ ਗਈ ਹੈ ਤੇ ਉਹ ਹਰ ਖੇਤਰ ਵਿਚ ਮਰਦ ਦੇ ਸ਼ਾਨਾ-ਬ-ਸ਼ਾਨਾ ਚੱਲ ਰਹੀ ਹੈ। ਨਵੀਂ ਕਵਿਤਾ ਵਿਚ ਆਪਣੀ ਮਹਿਬੂਬਾ, ਪਤਨੀ, ਮਾਂ ਨੂੰ ਯਾਦ ਕੀਤਾ ਜਾ ਰਿਹਾ ਹੈ ਜੋ ਇਸ ਗੱਲ ਦੀ ਗਵਾਹੀ ਹੈ। ਪਰ ਸਭ ਤੋਂ ਉਪਰ 'ਅਰਬੀ ਰਹਿਤਲ' ਹੈ, ਜਿਸ ਬਿਨ੍ਹਾਂ ਸਭ ਕੁਝ ਅਧੂਰਾ ਹੈ।

ਫਿਲਸਤੀਨੀ ਕਵਿਤਾ ਵਿਚ ਜਲਾਵਤਨੀ ਦੀ ਪੀੜ ਤੋਂ ਇਲਾਵਾ ਸ਼ੋਕ ਦੀਆਂ ਡੂੰਘੀਆਂ ਧੁਨੀਆਂ, ਮੌਤ ਦੀ ਮੱਧਮ ਜਿਹੀ ਪੈੜ-ਚਾਲ ਤੇ ਆਪਣੇ ਖੋਹੇ ਗਏ ਹੱਕਾਂ ਪ੍ਰਤੀ ਰੰਜ ਨਜ਼ਰ ਆਉਂਦਾ ਹੈ। ਇਹ ਸਭ ਕੁਝ ਅਸੀਂ ਹੇਠ ਲਿਖੀਆਂ ਕਵਿਤਾਵਾਂ ਤੋਂ ਵੇਖ ਸਕਦੇ ਹਾਂ -

ਆਪਣੇ ਵਤਨ ਦੀ ਪੀੜ ਨੂੰ ਉਘੀ ਸ਼ਾਇਰਾ ਫ਼ਦਵਾ ਤੂਕਾਨ ਇਸ ਰੂਪ ਵਿਚ ਪੇਸ਼ ਕਰ ਰਹੀ ਹੈ-

*ਕਿਹੋ ਜਿਹਾ ਸੁਹਾਵਣਾ ਮੌਸਮ ਹੈ ਓਥੇ*
*ਅਸਮਾਨ ਹਰ ਪਲ ਘਟਾਵਾਂ ਵਿਚ ਲਿਪਟਿਆ*
*ਤੂੰ ਕਿਥੋਂ ਦੀ ਰਹਿਣ ਵਾਲੀ ਏਂ, ਸਪੇਨ ਦੀ ?*
*ਨਹੀਂ, ਮੈਂ ਜੌਰਡਨ ਦੀ ਬੇਟੀ ਹਾਂ*
*ਜੌਰਡਨ ? ਮੁਆਫ਼ ਕਰੀਂ ਮੈਂ ਸਮਝੀ ਨਹੀਂ*
*ਮੇਰਾ ਵਤਨ ਕੁਦਝਸ ਦੀਆਂ ਹੱਸਦੀਆਂ ਪਹਾੜੀਆਂ*
*ਮੇਰਾ ਵਤਨ ਪੂਰਾ ਦਾ ਪੂਰਾ ਰੌਸ਼ਨੀ ਤੇ ਧੁੱਪ ਹੈ*
*(ਆਹ! ਮੇਰਾ ਇਹ ਜ਼ਖਮ ਜਿਗਰ ਵਿਚ ਡੂੰਘਾ,*
*ਭਿਆਨਕ ਵਹਿਸ਼ੀਪੁਣੇ ਨਾਲ ਭਰਿਆ!)*

ਆਪਣੇ ਦੇਸ਼ ਦੀ ਅਜ਼ਾਦੀ ਦੀ ਚਾਹਵਾਨ ਉਹ ਉਸ ਦਰਦ ਨੂੰ ਗਲੋਰੀਫਾਈ ਕਰ ਰਹੀ ਹੈ, ਜਿਹੜਾ ਉਹਨੇ ਜਲਾਵਤਨੀ ਵਿਚੋਂ ਸੋਖਿਆ ਹੈ। ਫਿਲਸਤੀਨ ਦੀ ਤਾਂਘ ਕਵੀਆਂ ਲਈ ਸੁਪਨੇ ਵਾਂਗ ਹੈ। ਅਜ਼ਾਦੀ ਲਈ ਉਨ੍ਹਾਂ ਦੀ ਇਸ ਤੜਫ ਨੇ ਕਵਿਤਾ ਵਿਚ ਉਸ ਤਾਂਘ ਨੂੰ ਹੋਰ ਮਘਾਇਆ ਹੈ-

*ਉਹ ਮੇਰੇ ਮਹਾਨ ਦੇਸ਼ !*
*ਮੇਰੇ ਫਿਲਸਤੀਨ!*
*ਸੰਘਰਸ਼ ਦੇ ਦਿਨ ਰਾਤ ਘੁੰਮਦੇ ਪਹੀਏ*
*ਘੁੰਮਦੇ ਘੁੰਮਦੇ ਬਦਲ ਨਾ ਜਾਣ*
*ਦਰਦ ਦੀਆਂ ਧੁੰਧਲੀਆਂ ਰਾਤਾਂ ਵਿਚ...*

*ਜ਼ੁਲਮਾਂ ਤੇ ਸਿਤਮਾਂ ਦੀਆਂ ਜੇਲ੍ਹਾਂ ਤੋਂ*
*ਲਹੂ ਭਿੱਜੀਆਂ ਉਨ੍ਹਾਂ ਕੰਧਾਂ ਤੋਂ*
*ਮੌਤ ਤੇ ਜ਼ਿੰਦਗੀ ਦੇ ਤਰਕਸ਼ 'ਚੋਂ*
*ਜ਼ਿੰਦਗੀ ਇਕ ਦਿਨ ਹੋਵੇਗੀ ਅਜ਼ਾਦ!*
*ਐ ਮੇਰੇ ਮਹਾਨ ਦੇਸ਼!*
*ਉਹ ਮੇਰੇ ਡੂੰਘੇ ਜ਼ਖਮ!*
*ਮੇਰੀ ਜਨਮ ਭੂਮੀ, ਮੇਰਾ ਪਹਿਲਾ ਪਿਆਰ...*

ਈਸਾ ਮਸੀਹ ਬਾਰੇ ਉਹਦੀ ਕਵਿਤਾ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਇਸ ਵਿਚ ਉਹ ਉਸ 'ਪਰੌਮਿਸਡ ਲੈਂਡ' ਦੀ ਹੋਣੀ ਨੂੰ ਕਾਵਿਕ ਰੂਪ ਵਿਚ ਪੇਸ਼ ਕਰ ਰਹੀ ਹੈ ਜਿਸ ਕਰਕੇ ਉਹਦਾ ਵਤਨ ਜਲਾਵਤਨ ਹੋ ਗਿਆ ਹੈ-

*ਐ ਖ਼ੁਦਾ!*
*ਸਾਰੇ ਜਹਾਨ ਦੇ ਮਾਲਕ !*
*ਇਸ ਸਾਲ*
*ਯੇਰੂਸ਼ਲਮ ਦੀ ਜ਼ਿੰਦਗੀ*
*ਸਲੀਬ 'ਤੇ ਟੰਗੀ ਜਾ ਰਹੀ ਹੈ*

*ਅੱਜ ਤੁਹਾਡਾ ਦਿਨ ਹੈ*
*ਸਾਰੀਆਂ ਘੰਟੀਆਂ ਮੇਰੇ ਖ਼ੁਦਾ,*
*ਖਮੋਸ਼ ਨੇ*

*ਉਹ ਵੱਜਦੀਆਂ ਰਹੀਆਂ ਨੇ*
*ਉਹ ਵੱਜਦੀਆਂ ਰਹੀਆਂ ਨੇ*
*ਦੋ ਹਜ਼ਾਰ ਵਰ੍ਹਿਆਂ ਤਕ*

*ਪਰ*
*ਹੁਣ ਹੋ ਚੁੱਕੀਆਂ ਨੇ ਖਮੋਸ਼*
*ਸਾਰੇ ਗੁੰਬਦ ਸਿਆਹ*
*ਹਨੇਰੇ ਨੇ ਉਨ੍ਹਾਂ ਨੂੰ ਆਪਣੀ ਬੁੱਕਲ ਵਿਚ ਲੁਕਾ ਲਿਐ*
*ਯੇਰੂਸ਼ਲਮ ਵਧ ਰਿਹੈ*
*ਦੁਖਾਂ, ਦਰਦਾਂ ਦੇ ਕੰਡਿਆਲੇ ਰਾਹਾਂ 'ਤੇ*

*ਯੇਰੂਸ਼ਲਮ ਕਰਾਹ ਰਿਹੈ*
*ਦੋਰਾਹੇ 'ਤੇ ਖੜ੍ਹਾ*
*ਯੇਰੂਸ਼ਲਮ ਲਹੂ ਨਾਲ ਲਿਬੜਿਆ*
*ਜ਼ੁਲਮਾਂ, ਸਿਤਮਾਂ ਦਾ ਭੰਨਿਆ*
*ਤੇ ਦੁਨੀਆ ਖਮੋਸ਼ ਹੈ...*

*ਮੇਰੇ ਖ਼ੁਦਾ!*
*ਯੇਰੂਸ਼ਲਮ ਦੀ ਅਜ਼ਮਤ*
*ਦਰਦ ਦੀਆਂ ਘੰਟੀਆਂ ਤੋਂ*
*ਬੱਦਲਾਂ ਨਾਲ ਘਿਰੀਆਂ ਸਿਆਹ ਰਾਤਾਂ ਤੋਂ*
*ਗਮਾਂ ਦੀਆਂ ਗਹਿਰਾਈਆਂ ਤੋਂ*
*ਕਰਾਹੁੰਦਾ ਯੇਰੂਸ਼ਲਮ*
*ਆਇਆ ਹੈ ਤੁਹਾਡੇ ਦੁਆਰ*

*ਰਹਿਮ,*
*ਮੇਰੇ ਖ਼ੁਦਾ ਰਹਿਮ!*
*ਯੇਰੂਸ਼ਲਮ 'ਤੇ*
*ਉਹਦੀ ਪਵਿਤਰਤਾ 'ਤੇ*


ISSN : 2395-1273

*ਰਹਿਮ!*
*ਰਹਿਮ ਮੇਰੇ ਖ਼ੁਦਾ*
*ਰਹਿਮ!*

ਤੌਫ਼ੀਕ ਜ਼ਿਆਦ ਆਪਣੇ ਤਰੀਕੇ ਨਾਲ ਆਪਣੇ ਵਤਨ ਨੂੰ ਯਾਦ ਕਰ ਰਿਹਾ ਹੈ। ਉਹਦੇ ਵੱਡੇ ਵਡੇਰੇ ਉਸ ਮਿੱਟੀ ਵਿਚ ਦਫ਼ਨ ਨੇ। ਪਰ ਜਿਸ ਤਰ੍ਹਾਂ ਉਹਦਾ ਮੁਲਕ ਬਰਬਾਦ ਹੋਇਆ ਇਹ ਉਹਦੇ ਲਈ ਪੀੜ ਤੇ ਦੁੱਖਾਂ ਦਾ ਸੱਵਬ ਹੈ। ਪਰ ਉਹਦਾ ਜੋਸ਼ ਬਰਕਰਾਰ ਹੈ-

*ਐ ਮੇਰੇ ਵਤਨ! ਐ ਮੇਰੀ ਜਨਮ ਭੂਮੀ*
*ਮੇਰੇ ਇਤਿਹਾਸਕ ਗੌਰਵ ਦੇ ਲੁਟੇ ਖ਼ਜ਼ਾਨੇ!*
*ਜਿਥੇ ਦਫ਼ਨ ਹੈ ਮੇਰਾ ਬਾਬਾ ਤੇ ਬਾਬੇ ਦਾ ਬਾਬਾ*
*ਉਸ ਵਿਰਸੇ ਨੂੰ ਮੈਂ ਕਿਵੇਂ ਭੁੱਲ ਜਾਵਾਂ*
*ਮੈਨੂੰ ਰੋਕੋ ਨਾ, ਨਹੀਂ ਸਹਿ ਸਕਦਾ ਮੈਂ ਇਹ ਸਭ ਕੁਝ*
*ਭਾਵੇਂ ਮੇਰੇ ਹੱਥਾਂ, ਪੈਰਾਂ 'ਚ ਪਾ ਦਿਓ ਬੇੜੀਆਂ*
*ਏਥੇ ਕਦੇ ਸਾਡੀ ਉਪਜਾਊ ਧਰਤੀ ਤੇ ਪਿੰਡ ਸੀ*
*ਜੋ ਬਣ ਗਿਆ ਰਾਖ ਤੇ ਮਲਬੇ ਦਾ ਢੇਰ*
*ਏਥੇ ਕੁਝ ਬਹਾਦਰ ਆਤਮਾਵਾਂ*
*ਆਪਣੇ ਦੰਦਾਂ ਤੇ ਨਹੁੰਆਂ ਨਾਲ ਕਰਦੀਆਂ ਰਹੀਆਂ ਸੰਘਰਸ਼*
*ਜਿਨ੍ਹਾਂ ਦੇ ਜਿਸਮਾਂ ਨੂੰ ਗੋਸ਼ਤ ਦੇ ਟੁਕੜਿਆਂ ਵਿਚ ਵੱਢ*
*ਪੀ ਗਏ ਉਨ੍ਹਾਂ ਦਾ ਖ਼ੂਨ ਇਹ ਦਰਿੰਦੇ*
*ਨਹੀਂ ਹੁਣ ਹੋਰ ਕੁਝ ਨਾ ਕਹੋ*
*ਉਨ੍ਹਾਂ ਨੇ ਮਕਬਰੇ ਡੇਗ ਦਿੱਤੇ ਨੇ,*
*ਮਕਬਰੇ...*

ਰਾਸ਼ਿਦ ਹੁਸੈਨ ਨਾਬਰੀ ਸੁਰ ਵਾਲਾ ਪ੍ਰਸਿੱਧ ਕਵੀ ਮੰਨਿਆ ਜਾਂਦਾ ਹੈ। 'ਜਲਾਦ' ਉਹਦੀ ਬੜੀ ਪ੍ਰਸਿੱਧ ਕਵਿਤਾ ਹੈ। ਇਸਦੇ ਨਾਲ ਹੀ ਉਹ ਹਰ ਵਸਤੂ, ਵਰਤਾਰੇ ਵਿਚੋਂ ਆਪਣੇ ਵਤਨ ਦੀਆਂ ਝਲਕਾਂ ਦੇਖਦਾ ਹੈ। ਭਾਵੇਂ ਉਹ ਉਸ ਦੌਰ ਦਾ ਸ਼ਾਇਰ ਹੈ ਜਦੋਂ ਇਸ਼ਕ ਦਾ ਰੰਗ ਕਵਿਤਾ ਵਿਚ ਗੂੜ੍ਹਾ ਸੀ ਪਰ ਇਸਦੇ ਬਾਵਜੂਦ ਉਹ ਜਲਾਵਤਨੀ ਦੀ ਪੀੜ ਇਸ ਵਿਚੋਂ ਵੇਖਦਾ ਹੈ-

*ਤੇਰੀਆਂ ਅੱਖਾਂ ਦਾ ਰੰਗ ਜਿਵੇਂ ਪਾਮ ਦਾ ਰੁੱਖ*
*ਤੇਰੀਆਂ ਅੱਖਾਂ ਦਾ ਰੰਗ ਜਿਵੇਂ ਅੰਗੂਰ*
*ਤੇਰੀਆਂ ਅੱਖਾਂ ਦਾ ਰੰਗ ਜਿਵੇਂ ਮੇਰਾ ਪਿਆਰ*
*ਯੇਰੂਸ਼ਲਮ ਲਈ ਇਹ ਸਭ ਮੁਲਵਾਨ ਨੇ*
*ਤੇਰੀਆਂ ਅੱਖਾਂ ਦੇ ਜ਼ਖਮ ਦੀ ਰੰਗਤ*
*ਮੇਰੀ ਕਵਿਤਾ ਵਰਗੀ*
*ਮੇਰੇ ਗੂੜ੍ਹੇ ਪਿਆਰ ਵਰਗੀ*
*ਜਲਾਵਤਨੀ ਵਰਗੀ ਅਸੀਮਤ ਵੀ*
*ਤੇਰੀਆਂ ਅੱਖਾਂ ਦਾ ਰੰਗ*
*ਜਿਵੇਂ ਮੇਰੇ ਪਿਤਾ ਬੀਜਦੇ ਨੇ*
*ਅੰਜੀਰ ਤੇ ਅਨਾਰ ਦੇ ਰੁੱਖ*
*ਤੇ ਕਹਿੰਦੇ ਹੁੰਦੇ ਸਨ-*
*ਜਿਊਂਦਾ ਉਹੀ ਰਹੇਗਾ*
*ਜੋ ਬੀਜੇਗਾ ਰੁੱਖ...*

ਮਹਿਮੂਦ ਦਰਵੇਸ਼ ਉੱਘਾ ਕਵੀ ਹੈ। ਉਹਦੀਆਂ ਰਚਨਾਵਾਂ ਦੁਨੀਆ ਭਰ ਦੀਆਂ ਭਾਸ਼ਾਵਾਂ ਵਿਚ ਪਹੁੰਚ ਚੁੱਕੀਆਂ ਹਨ। 1948 ਵਿਚ ਉਹਦੇ ਪਰਿਵਾਰ ਨੂੰ ਪਿੰਡ ਛੱਡ ਕੇ ਲਿਬਨਾਨ ਜਾਣਾ ਪਿਆ, ਜੋ ਬਾਅਦ ਵਿਚ

ਇਜ਼ਰਾਇਲ ਦਾ ਹਿੱਸਾ ਬਣ ਗਿਆ। ਉਹਦੀ ਕਵਿਤਾ ਵਿਚ ਪਛਾਣ ਦਾ ਸੰਕਟ ਬਹੁਤ ਡੂੰਘਾ ਹੈ। ਉਹਦੇ ਬਾਰੇ ਮਸ਼ਹੂਰ ਸ਼ਾਇਰ ਨੌਮੀ ਸ਼ੇਹਾਬ ਨੇ ਕਿਹਾ ਸੀ ਕਿ -'ਦਰਵੇਸ਼ ਫਲਸਤੀਨੀ ਲੋਕਾਂ ਦਾ ਸਾਹ ਹੈ। ਉਹ ਜਲਾਵਤਨੀ ਤੇ ਦੇਸ਼ ਦੀਆਂ ਯਾਦਾਂ ਦਾ ਗਵਾਹ ਹੈ।' ਉਹਦੀ ਮਸ਼ਹੂਰ ਕਵਿਤਾ 'ਪਛਾਣ ਪੱਤਰ' ਦੇਖੀ ਜਾ ਸਕਦੀ ਹੈ-

*ਲਿਖ, ਮੈਂ ਇਕ ਅਰਬ ਹਾਂ*
*ਮੇਰਾ ਕਾਰਡ ਨੰਬਰ 50'000 ਹੈ*
*ਮੇਰੇ ਅੱਠ ਬੱਚੇ ਨੇ*
*ਤੇ ਨੌਵਾਂ ਅਗਲੀਆਂ ਗਰਮੀਆਂ ਵਿਚ ਆ ਰਿਹੈ*
*ਇਹ ਸੁਣ ਕੇ ਤੈਨੂੰ ਗੁੱਸਾ ਕਿਉਂ ਨਹੀਂ ਆਇਆ ਲਿਖ,*
*ਲਿਖ ਮੈਂ ਇਕ ਅਰਬ ਹਾਂ*
*ਮੈਂ ਪੱਥਰ ਦਾ ਜਿਸਮ ਕੱਟਦਾ ਹਾਂ*
*ਆਪਣੇ ਕਾਮਰੇਡਾਂ ਨਾਲ*
*ਤਾਂ ਕਿ ਮੇਰੇ ਅੱਠਾਂ ਬੱਚਿਆਂ ਨੂੰ ਰੋਟੀ ਤੇ ਕਿਤਾਬਾਂ ਮਿਲ ਸਕਣ*
*ਮੈਂ ਭੀਖ ਨਹੀਂ ਮੰਗਦਾ*
*ਨਾ ਦੂਸਰਿਆਂ ਸਾਹਮਣੇ ਲਿਲਕੜੀਆਂ ਕੱਢਦਾਂ*
*ਨਾ ਕਿਸੇ ਸਾਹਮਣੇ ਸਿਰ ਝੁਕਾਂਦਾਂ*
*ਇਹ ਸੁਣ ਕੇ ਤੈਨੂੰ ਗੁੱਸਾ ਕਿਉਂ ਆ ਗਿਐ....*

ਮੁਰੀਦ-ਅਲ-ਬਰਗੌਤੀ ਪ੍ਰਸਿੱਧ ਫ਼ਲਸਤੀਨੀ ਕਵਿੱਤਰੀ ਹੈ। 'ਫ਼ਲਸਤੀਨ ਤੇ ਸੂਰਜ', ਤੇ 'ਹਥਿਆਰਾਂ ਨਾਲ ਲੈੱਸ ਗ਼ਰੀਬਾਂ ਦੇ ਗੀਤ' ਉਹਦੇ ਮਸ਼ਹੂਰ ਕਾਵਿ-ਸੰਗ੍ਰਹਿ ਹਨ। ਮੂਲ ਰੂਪ ਵਿਚ ਉਹ ਵੀ ਨਾਬਰੀ ਸੁਰ ਵਾਲੀ ਕਵਿੱਤਰੀ ਹੈ। ਜਲਾਵਤਨੀ, ਮੌਤਾਂ, ਦੁੱਖ ਦਰਦ, ਸੰਘਰਸ਼ ਇਨ੍ਹਾਂ ਸਾਰੇ ਫ਼ਲਸਤੀਨੀ ਕਵੀਆਂ ਦੀ ਹੋਣੀ ਹੈ। ਮੁਰੀਦ ਆਪਣੀ ਨਿੱਕੀ ਜਿਹੀ ਕਵਿਤਾ ਵਿਚ ਸੰਘਰਸ਼ ਦੀ ਗੱਲ ਕਰਦੀ ਹੈ-

*ਇਕ ਔਰਤ ਅਕਸਰ ਪੈਰਿਸ ਬਜ਼ਾਰ 'ਚ*
*ਜੌਹਰੀਆਂ ਦੀਆਂ ਦੁਕਾਨਾਂ ਤੋਂ ਜੇਵਰ ਖਰੀਦਦੀ*
*ਹਮੇਸ਼ਾਂ ਕਰਦੀ ਰਹਿੰਦੀ ਸ਼ਿਕਾਇਤਾਂ*
*ਇਕ ਔਰਤ ਹਰ ਜੁੰਮੇਰਾਤ*
*ਜਾਂਦੀ ਹੈ ਪੰਜ ਕਬਰਾਂ 'ਤੇ*
*ਤੇ ਨਹੀਂ ਛੱਡਦੀ ਵਤਨ ਖਾਤਰ ਲੜਣਾ...*

ਖੂਨੀ ਸੰਘਰਸ਼ਾਂ ਦੀ ਗੱਲ ਕਰਦੀ ਉਹ ਵਤਨ ਲਈ ਕੁਰਬਾਨ ਹੋਣ ਵਾਲਿਆਂ ਨੂੰ ਸ਼ਹੀਦ ਮੰਨਦੀ ਹੈ। ਸੰਘਰਸ਼ ਉਹਦੀ ਕਵਿਤਾ ਦਾ ਮੁੱਖ ਥੀਮ ਹੈ ਤੇ ਇਸ ਥੀਮ ਰਾਹੀਂ ਉਹ ਨਿੱਕੇ ਨਿੱਕੇ ਸ਼ਬਦਾਂ ਵਿਚ ਵੱਡਾ ਪੈਗਾਮ ਦੇ ਜਾਂਦੀ ਹੈ-

*ਕਾਇਨਾਤ ਵਿਚ ਹਨ ਕਈ ਗ੍ਰਹਿ*
*ਗ੍ਰਹਿਆਂ ਵਿਚ ਧਰਤੀ*
*ਧਰਤੀ ਵਿਚ ਮਹਾਂਦੀਪ*
*ਮਹਾਂਦੀਪ ਵਿਚ ਏਸ਼ੀਆ*
*ਏਸ਼ੀਆ ਵਿਚ ਇਕ ਦੇਸ਼ ਫਿਲਸਤੀਨ!*
*ਫਿਲਸਤੀਨ ਵਿਚ ਅਨੇਕਾਂ ਸ਼ਹਿਰ*
*ਸ਼ਹਿਰਾਂ ਵਿਚ ਸੜਕਾਂ*
*ਸੜਕਾਂ 'ਤੇ ਚਲਦੇ ਜਲੂਸ*
*ਜਲੂਸ ਦੀ ਭੀੜ ਵਿਚ ਇਕ ਮੁੰਡਾ*
*ਜਿਸਦੇ ਸੀਨੇ ਵਿਚ ਇਕ ਧੜਕਦਾ ਦਿਲ*
*ਦਿਲ ਵਿਚ ਲੱਗੀ ਇਕ ਗੋਲੀ...*

ਹਸਨ ਜਕਾਤ ਵੀ ਨਾਬਰੀ ਸੁਰ ਵਾਲਾ ਕਵੀ ਹੈ। 'ਫ਼ਿਲਸਤੀਨ ਲਿਬਰੇਸ਼ਨ ਆਰਗਨਾਈਜੇਸ਼ਨ', ਦੇ ਸਾਹਿਤਕ ਰਸਾਲੇ ਦੇ ਨਾਲ-ਨਾਲ ਉਹ ਰਮੱਲਾ ਵਿਚ 'ਅਲ-ਅਯਾਮ', ਅਖਬਾਰ ਦਾ ਸਾਹਿਤਕ ਸੰਪਾਦਕ ਵੀ ਰਿਹਾ


**www.sanvad.org**
ISSN : 2395-1273

ਹੈ। 'ਮੂੰਹ ਹਨੇਰੇ' ਉਹਦਾ ਪ੍ਰਸਿੱਧ ਕਾਵਿ-ਸੰਗ੍ਰਹਿ ਹੈ। ਫ਼ਿਲਸਤੀਨੀ ਸੰਘਰਸ਼ ਬਾਰੇ ਉਹਦੀ ਕਵਿਤਾ 'ਗਾਈਡ' ਬੜੀ ਚਰਚਿਤ ਰਹੀ ਹੈ-

*ਉਹਨੇ ਸਾਡੇ ਵੱਲ ਇਸ਼ਾਰਾ ਕੀਤਾ...*
*ਉਸ ਪਾਸੇ*
*ਤੇ ਗਾਇਬ ਹੋ ਗਿਆ*
*ਬੰਬ ਫਟਣ ਤੋਂ ਬਾਅਦ ਘਰਾਂ ਦੇ ਮਲਬੇ ਵਿਚ*
*ਕੰਧਾਂ ਵਿਚੋਂ ਉਹਦੀ ਉਂਗਲੀ*
*ਅਜੇ ਵੀ ਦਿਸ ਰਹੀ ਸੀ*
*ਇਸ਼ਾਰਾ ਕਰ ਰਹੀ ਹੈ*
*ਉਸ ਪਾਸੇ...!*
*ਉਸ ਪਾਸੇ...!*

ਇਨ੍ਹਾਂ ਤੋਂ ਇਲਾਵਾ ਸਲੀਮ ਜੁਬਰਾਨ, ਅਤੀਫ਼ ਜਾਨਮ, ਸਮੀ-ਅਲ-ਕਾਸਿਮ, ਮੋਈਨ ਬਿਸੇਸੋ, ਕਮਾਲ ਨਾਸਿਰ ਪ੍ਰਸਿੱਧ ਕਵੀ ਹਨ, ਜਿਨ੍ਹਾਂ ਨੇ ਜਲਾਵਤਨੀ, ਹੇਰਵੇ ਤੇ ਸੰਘਰਸ਼ਾਂ ਵਿਚੋਂ ਕਾਵਿ ਰਾਹ ਚੁਣਿਆ। ਇਨ੍ਹਾਂ ਸਾਰਿਆਂ ਦੇ ਅਚੇਤਨ ਵਿਚ ਮਾਤ ਭੂਮੀ ਤੇ ਪਛਾਣ ਦੇ ਸੰਕਟ ਪਏ ਹਨ। ਵਰਤਮਾਨ ਯੁੱਧ ਦੀ ਸਥਿਤੀ ਨੇ ਇਸ ਜੰਗ ਨੂੰ ਜਿਥੇ ਖ਼ੂਨ ਖਰਾਬੇ ਨਾਲ ਰੰਗ ਦਿੱਤਾ ਓਥੇ ਵਿਚਾਰਾਂ ਦੀ ਲੜਾਈ ਨੇ ਇਤਿਹਾਸ, ਮਿਥਿਹਾਸ ਤੇ ਪਰੌਮਿਸਡ ਲੈਂਡ ਦੇ ਕਲਟ ਨੂੰ ਨਵੇਂ ਅਰਥ ਦਿੱਤੇ। ਨਵਾਂ ਸੰਸਾਰ ਵਿਚਾਰਾਂ ਦੀ ਜੰਗ ਰਾਹੀਂ ਨਵੇਂ ਬਿਰਤਾਂਤ ਸਿਰਜ ਰਿਹਾ ਹੈ ਤੇ ਨਾਲ ਹੀ ਲੁਕਵੇਂ ਏਜੰਡਿਆਂ 'ਤੇ ਵੀ ਕੰਮ ਕਰ ਰਿਹਾ ਹੈ ਕਿ ਛੋਟੀਆਂ ਧਿਰਾਂ ਨੂੰ ਕਿਵੇਂ ਦਬੱਲਣਾ ਹੈ। ਫਿਲਸਤੀਨ ਦਾ ਸੰਕਟ ਭਾਵੇਂ ਨਵਾਂ ਨਹੀਂ ਪਰ ਸਮੇਂ-ਸਮੇਂ 'ਤੇ ਇਹਦੇ ਬਾਰੇ ਸਿਰਜੇ ਵਿਚਾਰਾਂ ਦੇ ਬਿਰਤਾਂਤਾਂ ਨੇ ਇਸ ਸਮੱਸਿਆ ਨੂੰ ਸੁਲਝਾਉਣ ਦੀ ਥਾਂ ਉਲਝਾਇਆ ਜ਼ਿਆਦਾ ਹੈ, ਜਿਸ ਕਰਕੇ ਇਹਦੇ ਹੱਲ ਹੋਣ ਦੀ ਗਤੀ ਬਹੁਤ ਮੱਧਮ ਹੈ।

## ਪੁਸਤਕ ਸੂਚੀ


- Chomsky, Noam, **Middle East ILLUSIONS**, Penguin Books, India 2003.
- ----------------, **On Palestine**, Penguin India 2015.
- Foyle, Naomi, **A Blade Of Grass,-New Palestinian Poetry**, Smokestack Books-2017.
- Heber, Reginald, **Palestine and other poems**, Forgotten Books-2018
- Parker, James, **Who's Land : A History of the People of Palestine**, Penguin, London, 1970.
- Peters, Don, **Intifada-The Palestinian Uprising**, Routledge India, 2019.
- Reinhardt, Tanya, **Isreael/Palestine : How to end the War of 1948**, Left word Book, 2003.
- Robinson, James, **Who's Land, A History of the People of Palestine**, Penguin Books, London- 1970.
- Said, Edward, **The End of Peace Process**, Granta Books, London-2000.
- ----------------, **The Question of Palestine**, Routledge, London-1980
- Smith, Pamela Ann, **Palestine and Palestinians- 1876-1983**, Routledge London-1984.
- Sykes, Christopher, **Crossroads to Israel -1917- 1948**, The World Publishing Company London.
- **The Arbs under Iserile Occupation 1966-77**, Institute of Palestine Studies Beirut, Lebnan.
- **ਇੰਤਫ਼ਾਦਾ-ਫ਼ਲਸਤੀਨੀ ਕਵਿਤਾਵਾਂ** ਅਨੁ. ਰਾਮ ਕ੍ਰਿਸ਼ਨ ਪਾਂਡੇ, ਪਰਿਕਲਪਨਾ ਪ੍ਰਕਾਸ਼ਨ-2021.